# ਕੈਨੇਡਾ ਦਰਪਣ

ਮਾਰਚ 15, 1985

**March 15, 1985**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

# ਕੈਨੇਡਾ ਦਰਪਣ

(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

Second Class Mail
Reg. No. 5991

ਕੀਮਤ 30 ਸੈਂਟ · Out of Greater Vancouver Price 40¢

THE CANADA DARPAN
Punjabi Weekly Newspaper
Weekending March 15, 1985
Vol. 4 No. 10
Editor-in-chief: (Hon.) Darshan Gill
Mailing Address:
P.O. Box 67344 Stn. 'O', Vancouver, B.C. V5W 3T1
Phone: 321-6360

# ਕਰਨਾਟਕ, ਆਂਧਰਾ, ਸਿਕਮ ਵਿਰੋਧੀ ਪਾਰਟੀਆਂ ਹੱਥ

## ਅੱਠ ਸੂਬਿਆਂ ਤੇ ਮੁੜ ਕਾਂਗਰਸੀ ਕਬਜ਼ਾ —

ਨਵੀਂ ਦਿੱਲੀ — (ਵਿਸ਼ੇਸ਼ ਪ੍ਰਤੀਨਿਧ) ਭਾਰਤ ਵਿਚ ਗਿਆਰਾਂ ਸੂਬਿਆਂ ਦੀਆਂ ਅਸੈਂਬਲੀ ਚੋਣਾਂ ਦੇ ਨਤੀਜੇ ਮਿਲਣੇ ਆਰੰਭ ਹੋ ਗਏ ਹਨ। ਇਨ੍ਹਾਂ ਨਤੀਜਿਆਂ ਤੋਂ ਮੁੱਖ ਤੌਰ ਤੇ ਇਹ ਪਤਾ ਚਲਦਾ ਹੈ ਕਿ ਕਾਂਗਰਸ (ਆਈ) ਲਗਪਗ ਦੂਜੀਆਂ ਸਾਰੀਆਂ ਪਾਰਟੀਆਂ ਨਾਲੋਂ ਅੱਗੇ ਹੈ। ਮੱਧ ਪ੍ਰਦੇਸ਼ ਵਿਚ ਕਾਂਗਰਸ (ਆਈ) ਨੇ 319 ਸੀਟਾਂ ਵਿਚੋਂ 209 ਸੀਟਾਂ ਉਤੇ ਕਬਜ਼ਾ ਕਰ ਲਿਆ ਹੈ। ਯੂ. ਪੀ. ਅਤੇ ਬਿਹਾਰ ਵਿਚ ਵੀ ਕਾਂਗਰਸ (ਆਈ) ਦੇ ਕਬਜ਼ੇ ਹੇਠਲੀਆਂ ਸਰਕਾਰਾਂ ਮੁੜ ਚੁਣੀਆਂ ਗਈਆਂ ਹਨ।

### ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ ਮੁੜ ਜਿੱਤਿਆ

ਹੁਣ ਤੱਕ ਪੁਜੇ ਨਤੀਜਿਆਂ ਅਨੁਸਾਰ ਮੱਧ ਪ੍ਰਦੇਸ਼ ਦਾ ਕਾਂਗਰਸੀ ਮੁੱਖ ਮੰਤਰੀ ਅਰਜਨ ਸਿੰਘ ਮੁੜ ਚੁਣ ਲਿਆ ਗਿਆ ਹੈ। ਬਾਕੀ ਵੇਰਵਾ ਇਸ ਪ੍ਰਕਾਰ ਹੈ :

| | |
|---|---|
| ਕੁਲ ਸੀਟਾਂ | 320 |
| ਪ੍ਰਾਪਤ ਨਤੀਜੇ | 319 |
| ਕਾਂਗਰਸ (ਆਈ) | 209 |
| ਭਾਰਤੀ ਜਨਤਾ ਪਾਰਟੀ | 58 |
| ਜਨਤਾ ਪਾਰਟੀ | 5 |
| ਕਾਂਗਰਸ (ਐਸ) | 1 |
| ਅਜ਼ਾਦ | 6 |

### ਉਤਰ ਪ੍ਰਦੇਸ਼ ਵਿਚ ਝੁਕਾਅ ਕਾਂਗਰਸੀਆਂ ਵੱਲ

ਉਤਰ ਪ੍ਰਦੇਸ਼ ਦਾ ਮੁੱਖ ਮੰਤਰੀ ਐਨ. ਡੀ. ਤਿਵਾੜੀ ਜੇਤੂ ਕਰਾਰ ਦਿਤਆ ਗਿਆ ਹੈ

| | |
|---|---|
| ਕੁਲ ਸੀਟਾਂ | 425 |
| ਪ੍ਰਾਪਤ ਨਤੀਜੇ | 48 |
| ਕਾਂਗਰਸ (ਆਈ) | 34 |
| ਭਾਰਤੀ ਜਨਤਾ ਪਾਰਟੀ 3 | |
| ਡੀ. ਐਮ. ਕੇ. ਪੀ. | 4 |
| ਜਨਤਾ ਪਾਰਟੀ | 1 |
| ਅਜ਼ਾਦ | 6 |

### ਬਿਹਾਰ ਵੀ ਕਾਂਗਰਸੀ ਜੱਫੇ ਵਿਚ

ਬਿਹਾਰ ਵਿਚ ਕੁੱਲ 324 ਸੀਟਾਂ ਹਨ ਜਿਥੇ 319 ਉਤੇ ਵੋਟਾਂ ਪਈਆਂ। ਹੁਣ ਤੱਕ ਪ੍ਰਾਪਤ ਨਤੀਜਿਆਂ ਅਨੁਸਾਰ 67 ਹਲਕਿਆਂ ਦੇ ਨਤੀਜੇ ਪ੍ਰਾਪਤ ਹੋਏ ਹਨ ਜਿਨ੍ਹਾਂ ਵਿਚੋਂ ਕਾਂਗਰਸ (ਆਈ) 40, ਝਾਰਖੰਡ ਮੁਕਤੀ ਮੋਰਚਾ 6, ਡੀ. ਐਮ. ਕੇ. ਪੀ. 3, ਜਨਤਾ ਪਾਰਟੀ 9, ਭਾਰਤੀ ਜਨਤਾ ਪਾਰਟੀ 3 ਤੇ ਅਜ਼ਾਦ 2 ਹਨ। ਸੀ. ਪੀ. ਆਈ. ਨੂੰ ਇਕ ਸੀਟ ਮਿਲੀ ਹੈ।

### ਆਂਧਰਾ ਪ੍ਰਦੇਸ਼ ਵਿਚ ਰਾਮਾਰਾਓ ਜਿਤੇਗਾ

ਆਂਧਰਾ ਪ੍ਰਦੇਸ਼ ਦੀਆਂ ਕੁੱਲ 294 ਸੀਟਾਂ ਹਨ ਪਰ ਅਜੇ ਤੱਕ 11 ਨਤੀਜੇ ਪ੍ਰਾਪਤ ਹੋਏ ਜਿਨ੍ਹਾਂ ਵਿਚ ਤੇਲਗੂ ਦੇਸ਼ਮ 8 ਅਤੇ ਕਾਂਗਰਸ (ਆਈ) ਨੂੰ ਇਕ ਸੀਟ ਪ੍ਰਾਪਤ ਹੋਈ ਹੈ।

### ਹਿਮਾਚਲ ਪ੍ਰਦੇਸ਼ ਵਿਚ ਕਾਂਗਰਸ ਜੇਤੂ ਹੋਵੇਗੀ

ਹਿਮਾਚਲ ਪ੍ਰਦੇਸ਼ ਵਿਚ ਕੁਲ 68 ਸੀਟਾਂ ਹਨ ਪਰ ਅਜੇ ਤੱਕ ਕੇਵਲ 6 ਨਤੀਜੇ ਮਿਲੇ ਹਨ ਅਤੇ ਇਹ ਸਾਰੀਆਂ ਸੀਟਾਂ ਕਾਂਗਰਸ (ਆਈ) ਨੂੰ ਮਿਲੀਆਂ ਹਨ।

### ਕਰਨਾਟਕ ਵਿਚ ਜਨਤਾ ਪਾਰਟੀ ਕਾਬਜ਼

ਕਰਨਾਟਕ ਵਿਚ ਜਨਤਾ ਪਾਰਟੀ ਨੂੰ 49 ਸੀਟਾਂ ਪ੍ਰਾਪਤ ਹੋ ਗਈਆਂ ਹਨ ਤੇ ਕਾਂਗਰਸ (ਆਈ) ਨੂੰ 18, ਸੀ. ਪੀ. ਐਮ. ਤੇ ਸੀ. ਪੀ. ਆਈ ਨੂੰ ਇਕ ਇਕ, ਭਾਰਤੀ ਜਨਤਾ ਪਾਰਟੀ ਇਕ, ਅਜ਼ਾਦ ਦੋ ਹਨ। ਹੁਣ ਤੱਕ 224 ਸੀਟਾਂ ਵਿਚੋਂ 71 ਨਤੀਜੇ ਪਹੁੰਚੇ ਹਨ।

### ਗੁਜਰਾਤ ਵਿਚ ਕਾਂਗਰਸ ਦਾ ਹੂੰਝਾ

ਗੁਜਰਾਤ ਵਿਚ ਵੀ ਕਾਂਗਰਸੀ ਹੂੰਝਾ ਫਿਰਨ ਦੀਆਂ ਸੰਭਾਵਨਾਵਾਂ ਹਨ ਕਿਉਂਕਿ 15 ਨਤੀਜਿਆਂ ਵਿਚੋਂ 15 ਹੀ ਕਾਂਗਰਸ ਦੇ ਹੱਕ ਵਿਚ ਗਏ ਹਨ।

### ਮਹਾਂਰਾਸ਼ਟਰ

ਮਹਾਂਰਾਸ਼ਟਰ ਵਿਚ 34 ਨਤੀਜੇ ਪ੍ਰਾਪਤ ਹੋਏ ਹਨ ਜਿਨ੍ਹਾਂ ਵਿਚ ਕਾਂਗਰਸ (ਆਈ) ਨੂੰ 17, ਕਾਂਗਰਸ (ਐਸ) ਨੂੰ 7, ਜਨਤਾ 2, ਸੀ. ਪੀ. ਐਮ 2, ਬੀ. ਜੇ. ਪੀ. 3, ਬਾਕੀ 3।

### ਉੜੀਸਾ

ਉੜੀਸਾ ਵਿਚ ਕੁਲ 147 ਸੀਟਾਂ ਹਨ। ਕੇਵਲ ਪੰਜ ਨਤੀਜੇ ਮਿਲੇ ਹਨ ਜਿਨ੍ਹਾਂ ਵਿਚ ਕਾਂਗਰਸ ਇਕ, ਜਨਤਾ ਦੋ, ਅਜ਼ਾਦ ਇਕ, ਬਾਕੀ ਹੋਰ ਦੋ।

### ਪਾਂਡੀਚਰੀ

ਪਾਂਡੀਚਰੀ ਵਿਚ ਗਿਆਰਾਂ ਨਤੀਜੇ ਮਿਲੇ ਹਨ ਜਿਨ੍ਹਾਂ ਵਿਚ ਕਾਂਗਰਸ ਸੱਤ, ਐਨ. ਡੀ. ਐਮ. ਕੇ. ਇਕ, ਡੀ. ਐਮ. ਕੇ. ਤਿੰਨ ਹਨ।

### ਰਾਜਿਸਥਾਨ

ਰਾਜਿਸਥਾਨ ਦੀਆਂ ਕੁੱਲ 200 ਸੀਟਾਂ ਹਨ ਜਿਨ੍ਹਾਂ ਵਿਚੋਂ 53 ਹਲਕਿਆਂ ਦੇ ਨਤੀਜੇ ਮਿਲੇ ਹਨ - ਕਾਂਗਰਸ (ਆਈ) 34, ਭਾਰਤੀ ਜਨਤਾ ਪਾਰਟੀ 12, ਜਨਤਾ ਪਾਰਟੀ ਇਕ, ਲੋਕ ਦਲ 5।

(ਬਾਕੀ ਪੰਨਾ 15 ਤੇ)

## ਅਕਾਲੀਆਂ ਦਾ ਐਕਸ਼ਨ ਪ੍ਰੋਗਰਾਮ 'ਹੋਲੇ ਮਹੱਲੇ' ਤੇ

**ਅੰਮ੍ਰਿਤਸਰ:** ਅਕਾਲੀ ਦਲ ਨੇ ਆਪਣੀਆਂ ਮੰਗਾਂ ਮਨਵਾਉਣ ਲਈ ਵੱਡੀ ਪੱਧਰ ਤੇ "ਐਕਸ਼ਨ ਪ੍ਰੋਗਰਾਮ" ਉਲੀਕਣ ਦੀ ਦਿਸ਼ਾ ਵਲ ਯਤਨ ਆਰੰਭ ਕਰ ਦਿਤੇ ਹਨ। ਇਸ ਸਬੰਧ ਵਿਚ ਵੱਖ ਵੱਖ ਲੋਕਾਂ ਵਲੋਂ ਆਪਣੀਆਂ ਤਜਵੀਜ਼ਾਂ ਬਾਰੇ ਪਾਰਟੀ ਦੀ ਅਡਹਾਕ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਸਾਂਝੀ ਮੀਟਿੰਗ ਵਿਚ ਵਿਚਾਰ ਕੀਤਾ ਜਾਏਗਾ।

ਇਹ ਮੀਟਿੰਗ 6 ਤੇ 7 ਨੂੰ ਹੋਲੇ ਮਹੱਲੇ ਦੇ ਮੌਕੇ 'ਤੇ ਆਨੰਦਪੁਰ ਸਾਹਿਬ ਵਿਖੇ ਹੋ ਰਹੀ ਹੈ।

ਪਾਰਟੀ ਸੂਤਰਾਂ ਅਨੁਸਾਰ "ਐਕਸ਼ਨ ਪ੍ਰੋਗਰਾਮ" ਨੂੰ ਅੰਤਮ ਰੂਪ ਦੇਣ ਲਈ ਇਕ ਵੱਡੀ ਮੀਟਿੰਗ ਸੱਦੀ ਜਾਏਗੀ। ਆਸ ਹੈ ਕਿ ਨਵਾਂ ਪ੍ਰੋਗਰਾਮ ਅਪਰੈਲ ਵਿਚ ਵਿਸਾਖੀ 'ਤੇ ਲਾਗੂ ਕੀਤਾ ਜਾਏਗਾ।

ਇਸੇ ਦੌਰਾਨ ਦਲ ਦੀ ਅਡਹਾਕ ਕਮੇਟੀ ਦੇ ਕਨਵੀਨਰ ਸ. ਸੁਰਜਨ ਸਿੰਘ ਠੇਕੇਦਾਰ ਨੇ ਕਿਹਾ ਕਿ ਉਨ੍ਹਾਂ ਨੇ ਬੁਧੀ ਜੀਵੀਆ ਨਾਲ ਵਿਚਾਰ ਵਟਾਂਦਰਾ ਸ਼ੁਰੂ ਕਰ ਦਿਤਾ ਹੈ ਤਾਂ ਜੋ ਸਿਖ ਪੰਥ ਨੂੰ ਮੌਜੂਦਾ ਸੰਕਟ ਵਿਚੋਂ ਕੱਢਿਆ ਜਾਏ।

ਪੰਥਕ ਨੇਤਾਵਾਂ, ਸਾਬਕਾ ਤੇ ਮੌਜੂਦਾ ਵਿਧਾਇਕਾਂ ਤੇ ਸੰਸਦ ਮੈਂਬਰਾਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਨ ਪਿਛੋਂ ਸ. ਸੁਰਜਨ ਸਿੰਘ ਠੇਕੇਦਾਰ ਨੇ ਐਲਾਨ ਕੀਤਾ ਕਿ ਵਿਧਾਇਕਾ ਦਾ ਇਕ ਵਫਦ ਛੇਤੀ ਹੀ ਪੰਜਾਬ ਦੇਰਾਜਪਾਲ ਨੂੰ ਮਿਲੇਗਾ ਅਤੇ ਉਨ੍ਹਾਂ ਨੂੰ ਸਿੱਖਾਂ ਉਤੇ ਖਾਸ ਕਰਕੇ ਨੌਜਵਾਨਾਂ ਅਤੇ ਔਰਤਾਂ ਉਤੇ ਕੀਤੇ ਜਾ ਰਹੇ "ਅਤਿਆਚਾਰਾਂ" ਬਾਰੇ ਯਾਦ ਪੱਤਰ ਦਏਗਾ। ਵਫਦ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਐਕਟਿੰਗ ਪ੍ਰਧਾਨ ਸ. ਪ੍ਰੇਮ ਸਿੰਘ ਲਾਲਪੁਰਾ ਕਰਨਗੇ।

**ਦੰਗਿਆਂ ਦੀ ਜਾਂਚ:**

ਮੀਟਿੰਗ ਦੌਰਾਨ ਪਾਸ ਕੀਤੇ ਇਕ ਮਤੇ ਵਿਚ ਨਵੰਬਰ ਵਿਚ ਹੋਏ ਦੰਗਿਆਂ ਦੀ ਜਾਂਚ ਨਾ ਕਰਾਉਣ ਦੀ ਨਿਖੇਧੀ ਕੀਤੀ ਗਈ ਅਤੇ ਮਤੇ ਵਿਚ ਕਿਹਾ ਗਿਆ ਹੈ ਕਿ ਦੰਗਿਆਂ ਦੀ ਜਾਂਚ ਕਰਾਉਣ ਦੀ ਮੰਗ ਨਾਮਨਜ਼ੂਰ ਕਰਕੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ "ਦੋਸ਼ੀਆਂ ਨੂੰ ਪਨਾਹੇ" ਦੇ ਰਹੇ ਹਨ ਜੋ "ਜਾਂ ਤਾਂ ਉਨ੍ਹਾਂ ਦੇ ਮੰਤਰੀ ਮੰਡਲ ਵਿਚ ਹਨ ਅਤੇ ਜਾਂ ਕਾਂਗਰਸ (ਆਈ) ਪਾਰਟੀ ਵਿਚ ਹਨ।"

(ਬਾਕੀ ਪੰਨਾ 15 ਤੇ)

ਅਸੀਂ ਹਰ ਕਿਸਮ ਦੀ ਇਨਸ਼ੋਰੈਂਸ ਦੇ ਮਾਹਰ ਹਾਂ। ਘਰਾਂ ਦੀ, ਬਿਜ਼ਨਿਸ ਦੀ ਜਾਂ ਕੋਈ ਵੀ ਹੋਰ ਇਨਸ਼ੋਰੈਂਸ ਦੀ ਲੋੜ ਹੋਵੇ ਤਾਂ ਸਾਨੂੰ ਮਿਲੋ ਜਾਂ ਫੂਨ ਕਰੋ।
ਇਨਸ਼ੋਰੈਂਸ ਲਈ ਮਾਸਟਰ ਕਾਰਡ ਤੇ ਵੀਜ਼ਾ ਵੀ ਲੈਂਦੇ ਹਾਂ।



ਗੁਰਬੀਰ ਸਿਘ ਪੁਰੀ

Autoplan 1985

ਇੱਕ ਵਾਰ ਅਜਮਾ ਕੇ ਦੇਖੋ, ਤੁਸੀਂ ਵਾਰ ਵਾਰ ਪੁਰੀ ਇਨਸ਼ੋਰੈਂਸ ਦੀਆਂ ਸੇਵਾਵਾਂ ਹੀ ਪ੍ਰਾਪਤ ਕਰੋਗੇ। ਭਰੋਸੇ ਯੋਗ ਸਰਵਿਸ ਤੇ ਦੋਸਤਾਨਾ ਮਾਹੌਲ ਤੁਹਾਨੂੰ ਪੁਰੀ ਇਨਸ਼ੋਰੈਂਸ ਤੇ ਹੀ ਮਿਲ ਸਕਦਾ ਹੈ। ਪੁਰੀ ਇਨਸ਼ੋਰੈਂਸ ਨੂੰ ਸਦਾ ਯਾਦ ਰੱਖੋ।



ਅਮਰਜੀਤ ਕੌਰ ਪੁਰੀ

PURI INSURANCE AGENCIES

MasterCard

5707 Kingsway (Near Imperial) Burnaby, B.C. 430-5533

VISA

# ਪੰਜਾਬ ਦਰਪਣ

## ਨਜ਼ਰਬੰਦਾਂ ਨੂੰ ਲੱਡਾ ਕੋਠੀ ਜੇਲ੍ਹ ਵਿਚ ਤਸੀਹੇ: ਰਿਪੋਰਟ ਪੇਸ਼

**ਪਟਿਆਲਾ:** ਪਤਾ ਲਗਾ ਹੈ ਕਿ ਜ਼ਿਲਾ ਸੈਸ਼ਨ ਜੱਜ ਸ੍ਰੀ ਟੀ. ਐਸ. ਚੀਮਾ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਲਿਖਿਆ ਹੈ ਕਿ ਕੋਮੀ ਸੁਰੱਖਿਆ ਐਕਟ ਅਧੀਨ ਗ੍ਰਿਫਤਾਰ ਕੁਝ ਵਿਅਕਤੀਆਂ ਨੂੰ ਸੰਗਰੂਰ ਜ਼ਿਲੇ ਵਿਚ ਲੱਡਾ ਕੋਠੀ (ਜੇਲ੍ਹ) ਵਿਖੇ "ਤਸੀਹੇ" ਦਿਤੇ ਗਏ ਹਨ।

ਪਤਾ ਲੱਗਾ ਹੈ ਕਿ ਹਾਈ ਕੋਰਟ ਦੇ ਜੱਜ ਸ੍ਰੀ ਐਸ. ਐਸ. ਸੋਢੀ ਨੇ ਸ੍ਰੀ ਚੀਮਾਂ ਨੂੰ ਕਿਹਾ ਸੀ ਕਿ ਉਹ ਪਟਿਆਲਾ ਤੇ ਨਾਭਾ ਦੀਆਂ ਸੈਂਟਰਲ ਜੇਲ੍ਹਾਂ ਵਿਚ ਜਾ ਕੇ ਇਨ੍ਹਾਂ ਦੋਸ਼ਾਂ ਬਾਰੇ ਸਚਾਈ ਦਾ ਪਤਾ ਲਾਉਣ। ਸੈਸ਼ਨ ਜੱਜ ਨੇ ਦੌਰਾ ਕਰਨ ਪਿਛੋਂ ਆਪਣੀ ਰਿਪੋਰਟ ਹਾਈਕੋਰਟ ਨੂੰ ਭੇਜ ਦਿਤੀ ਹੈ।

ਕੁਝ ਨਜ਼ਰਬੰਦਾਂ ਨੇ ਇਹ ਮਾਮਲਾ ਸ੍ਰੀ ਸੋਢੀ ਦੇ ਧਿਆਨ ਵਿਚ ਉਸ ਸਮੇਂ ਲਿਆਂਦਾ ਜਦੋਂ ਉਹ ਪਟਿਆਲਾ ਤੇ ਨਾਭਾ ਜੇਲ੍ਹਾਂ ਵਿਚ ਗਏ। ਨਜ਼ਰਬੰਦਾਂ ਨੇ ਦੋਸ਼ ਲਾਇਆ ਕਿ ਨਾਭਾ ਜੇਲ੍ਹ ਵਿਚ ਬੰਦ ਨਜ਼ਰਬੰਦਾਂ ਨੂੰ ਗਰੁਪਾਂ ਦੀ ਸ਼ਕਲ ਵਿਚ ਲੱਡਾ ਕੋਠੀ ਵਿਖੇ ਲਿਜਾਇਆ ਜਾਂਦਾ ਹੈ ਅਤੇ ਉਥੇ "ਸਭ ਕਿਸਮ ਦੇ ਤਸੀਹੇ" ਦਿਤੇ ਜਾਂਦੇ ਹਨ।

ਪਤਾ ਲਗਾ ਹੈ ਕਿ ਸੈਸ਼ਨ ਜੱਜ ਨੇ 23 ਜਨਵਰੀ ਨੂੰ ਨਾਭਾ ਜੇਲ੍ਹ ਦਾ ਦੌਰਾ ਕੀਤਾ ਅਤੇ ਉਥੇ ਬੰਦ ਨਜ਼ਰਬੰਦਾਂ ਵਿਚੋਂ ਛੇ ਨਾਲ ਗਲਬਾਤ ਕੀਤੀ। ਉਨ੍ਹਾਂ ਸਾਰਿਆਂ ਨੇ ਲੱਡਾ ਕੋਠੀ ਵਿਚ ਦਿਤੇ ਜਾ ਰਹੇ ਤਸੀਹਿਆਂ ਬਾਰੇ ਆਪਣੀ ਆਪਣੀ ਕਹਾਣੀ ਸੁਣਾਈ ਜੋ ਮਿਲਦੀ ਜੁਲਦੀ ਸੀ। ਉਥੇ ਅਣਮਨੁਖੀ ਤਸੀਹੇ ਦਿਤੇ ਗਏ। ਇਕ ਨਜ਼ਰਬੰਦ ਨੇ ਢਿੱਡ ਪੀੜ ਦੀ ਸ਼ਿਕਾਇਤ ਕੀਤੀ ਤਾਂ ਉਹ ਬਖਸ਼ ਦਿਤਾ ਗਿਆ ਪਰ ਇਸ ਤੋਂ ਪਹਿਲਾਂ ਸਬੰਧਿਤ ਅਧਿਕਾਰੀਆਂ ਨੇ ਇਹ ਤਸੱਲੀ ਕਰ ਲਈ ਕਿ ਉਹ "ਮਕਰਾ" ਨਹੀਂ।

ਪਤਾ ਲਗਾ ਹੈ ਕਿ ਨਾਭਾ ਜੇਲ੍ਹ ਦੇ ਨਜ਼ਰਬੰਦਾਂ ਨੇ ਸ੍ਰੀ ਚੀਮਾ ਨੂੰ ਦੱਸਿਆ ਕਿ ਉਨ੍ਹਾਂ ਦੇ ਦੋ ਸਾਥੀਆਂ ਨੂੰ ਤਾਂ ਬਹੁਤ ਬੁਰੀ ਤਰ੍ਹਾਂ ਤਸੀਹੇ ਦਿਤੇ ਗਏ। ਇਸ ਲਈ ਉਨ੍ਹਾਂ ਨੂੰ ਲੱਡਾ ਕੋਠੀ ਵਿਚ ਹੀ ਰਖਿਆ ਗਿਆ ਤਾਂ ਜੋ ਉਹ ਰਾਜ਼ੀ ਹੋ ਜਾਣ। ਏਨੇ ਨੂੰ ਜਦੋਂ ਜ਼ਿਲਾ ਜੱਜ ਨੇ ਲੱਡਾ ਕੋਠੀ ਦਾ ਦੌਰਾ ਕੀਤਾ, ਨਜ਼ਰਬੰਦਾਂ ਨੂੰ ਵਾਪਸ ਨਾਭਾ ਜੇਲ੍ਹ ਵਿਚ ਭੇਜ ਦਿਤਾ ਗਿਆ।

ਪੰਜ ਪੰਨਿਆਂ ਦੀ ਆਪਣੀ ਰਿਪੋਰਟ ਵਿਚ, ਪਤਾ ਲਗਾ ਹੈ ਕਿ ਜ਼ਿਲਾ ਜੱਜ ਨੇ ਕਿਹਾ ਹੈ ਕਿ ਲੱਡਾ ਕੋਠੀ ਵਿਖੇ ਨਜ਼ਰਬੰਦਾਂ ਨਾਲ ਮਨੁਖਾਂ ਵਾਲਾ ਸਲੂਕ ਨਹੀਂ ਕੀਤਾ ਜਾਂਦਾ। ਉਨ੍ਹਾਂ ਨੂੰ ਦਿਨ ਰਾਤ ਇਕੱਲੇ 2 ਇਕ ਇਕ ਸੈੱਲ ਵਿਚ ਰੱਖਿਆ ਜਾਂਦਾ ਹੈ। ਸਿਰਫ ਉਦੋਂ ਹੀ ਇਕੱਠਿਆਂ ਕੀਤਾ ਜਾਂਦਾ ਹੈ ਜਦੋਂ ਪੁਛਗਿਛ ਕਰਨੀ ਹੋਵੇ ਅਤੇ ਤਸੀਹੇ ਦੇਣੇ ਹੋਣ। ਉਨ੍ਹਾਂ ਨੂੰ ਕੋਠੜੀਆਂ ਵਿਚ ਹੀ ਰੋਟੀ ਪਾਣੀ ਦਿਤਾ ਜਾਂਦਾ ਹੈ ਅਤੇ ਉਸ ਦੀ ਚਾਰ ਦੀਵਾਰੀ ਵਿਚ ਹੀ ਉਹ ਆਰਾਮ ਕਰਦੇ ਹਨ।

ਐਸ. ਪੀ. ਸ੍ਰੀ ਕਰਨ ਸਿੰਘ ਨੇ, ਜਿਨ੍ਹਾਂ ਨੂੰ ਲੱਡਾ ਕੋਠੀ ਜੇਲ੍ਹ ਦਾ ਸੁਪਰਡੈਂਟ ਨਿਯੁਕਤ ਕੀਤਾ ਗਿਆ ਹੈ, ਸ੍ਰੀ ਚੀਮਾ ਨੂੰ ਦੱਸਿਆ ਕਿ ਲੱਡਾ ਕੋਠੀ ਵਿਚ ਨਜ਼ਰਬੰਦਾਂ ਨੂੰ ਡਾਕਟਰੀ ਸਹਾਇਤਾ ਦੇਣ ਲਈ ਕੋਈ ਡਾਕਟਰ ਨਹੀਂ ਹੈ। ਇਕ ਵਾਰੀ ਉਨ੍ਹਾਂ ਦੇ ਕਹਿਣ ਉਤੇ ਇਕ ਡਾਕਟਰ ਸਿਰਫ ਇਕ ਦਿਨ ਲਈ ਆਇਆ ਪਰ ਉਸ ਕੋਲ ਲੋੜੀਂਦੀਆ ਦਵਾਈਆਂ ਨਹੀਂ ਸਨ।

ਪਤਾ ਲੱਗਾ ਹੈ ਕਿ ਸ੍ਰੀ ਚੀਮਾ ਨੇ ਹਾਈ ਕੋਰਟ ਨੂੰ ਇਹ ਵੀ ਕਿਹਾ ਹੈ ਕਿ ਲੱਡਾ ਕੋਠੀ ਦਾ ਦੌਰਾ ਕਰਨ ਪਿਛੋਂ ਉਨ੍ਹਾਂ ਨੇ ਇਹ ਪ੍ਰਭਾਵ ਗ੍ਰਹਿਣ ਕੀਤਾ ਹੈ ਕਿ ਲੱਡਾ ਕੋਠੀ ਜੇਲ੍ਹ ਵਿਚ ਗਰੁਪਾਂ ਦੀ ਸ਼ਕਲ ਵਿਚ ਲਿਆਉਣ ਪਿਛੇ ਕੋਈ ਤੁਕ ਨਜ਼ਰ ਨਹੀਂ ਆਉਂਦੀ।

ਪਤਾ ਲੱਗਾ ਹੈ ਕਿ ਸ੍ਰੀ ਸੋਢੀ ਨੇ ਸ੍ਰੀ ਚੀਮਾ ਦੀ ਰਿਪੋਰਟ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ।

ਨਜ਼ਰਬੰਦਾਂ ਦੁਆਰਾ ਸ੍ਰੀ ਜੀ. ਐਸ. ਗਰੇਵਾਲ ਅਤੇ ਸ੍ਰੀ ਐਚ. ਐਸ. ਨਾਗਰਾ ਰਾਹੀਂ ਜੋ ਰਿਟ ਪਟੀਸ਼ਨ ਦਾਇਰ ਕੀਤੀ ਗਈ ਹੈ ਉਸ ਦੀ ਸੁਣਵਾਈ ਤੇ ਸ੍ਰੀ ਚੀਮਾ ਦੀ ਰਿਪੋਰਟ ਸੁਣਵਾਈ ਲਈ ਪਹਿਲੀ ਮਾਰਚ ਨੂੰ ਸ੍ਰੀ ਸੋਢੀ ਦੀ ਅਦਾਲਤ ਵਿਚ ਪੇਸ਼ ਹੋਣਗੀਆਂ।

## ਤਮਗੇ ਮੋੜਨ ਵਾਲੇ ਸਿੱਖਾਂ ਦਾ ਸਨਮਾਨ

ਅੰਮ੍ਰਿਤਸਰ — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟਿੰਗ ਪ੍ਰਧਾਨ ਸ੍ਰੀ ਪ੍ਰੇਮ ਸਿੰਘ ਲਾਲਪੁਰਾ ਨੇ ਐਲਾਨ ਕੀਤਾ ਹੈ ਕਿ ਪੰਜਾਬ ਵਿਚ "ਫੌਜੀ ਕਾਰਵਾਈ" ਪਿਛੋਂ ਜਿੰਨ੍ਹਾਂ ਸਿੱਖਾਂ ਨੇ ਰੋਸ ਵਜੋਂ ਆਪਣੇ ਤਮਗੇ ਵਾਪਸ ਕੀਤੇ ਸਨ, ਉਨ੍ਹਾਂ ਦਾ ਵਿਸਾਖੀ ਦੇ ਮੌਕੇ ਉਤੇ 13 ਅਪਰੈਲ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਨਮਾਨਤ ਕੀਤਾ ਜਾਏਗਾ। ਸ੍ਰੀ ਲਾਲਪੁਰਾ ਨੇ ਕਿਹਾ ਕਿ ਇਨ੍ਹਾਂ ਸਿੱਖਾਂ ਨੇ ਸਿੱਖੀ ਰਵਾਇਤਾਂ ਦੀ ਸ਼ਾਨ ਨੂੰ ਕਾਇਮ ਰੱਖਿਆ।

## ਰਾਜੀਵ ਭੰਡੀ — ਪ੍ਰਚਾਰ ਬੰਦ ਕਰੇ — ਠੇਕੇਦਾਰ

**ਲੁਧਿਆਣਾ:** ਅਕਾਲੀ ਦਲ ਦੀ ਐਡਹਾਕ ਕਮੇਟੀ ਦੇ ਕਨਵੀਨਰ ਸੁਰਜਨ ਸਿੰਘ ਠੇਕੇਦਾਰ ਨੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਆਖਿਆ ਹੈ ਕਿ ਉਹ ਸਿੱਖ-ਵਿਰੋਧੀ ਭੰਡੀ—ਪ੍ਰਚਾਰ ਨੂੰ ਬੰਦ ਕਰਨ ਕਿਉਂਕਿ ਦੇਸ਼ 'ਚ ਇਸ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ।

ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਮੰਤਰੀ 'ਤੇ ਦੋਸ਼ ਲਾਇਆ ਕਿ ਉਹ ਲੋਕਾਂ ਨੂੰ ਸਿੱਖਾਂ ਵਿਰੁਧ ਗੁੰਮਰਾਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦਾ ਅਤਿਵਾਦੀਆਂ ਨਾਲ ਕੋਈ ਸੰਬੰਧ ਨਹੀਂ ਤੇ ਨਾ ਹੀ ਦਲ ਦਹਿਸ਼ਤਪਸੰਦੀ ਦੀ ਹਦਾਇਤ ਕਰ ਰਿਹਾ ਹੈ। ਉਨ੍ਹਾਂ ਆਖਿਆ ਕਿ ਸਿੱਖਾਂ ਵਿਰੁਧ ਦਹਿਸ਼ਤਪਸੰਦੀ ਤਾ ਸਰਕਾਰ ਕਰ ਰਹੀ ਹੈ। ਸਵਰਗਵਾਸੀ ਸ੍ਰੀਮਤੀ ਇੰਦਰਾ ਗਾਂਧੀ ਨੇ ਹਰਿਮੰਦਰ ਸਾਹਿਬ 'ਤੇ ਹਮਲਾ ਕਰਕੇ ਅਤੇ ਅਕਾਲ ਤਖਤ ਨੂੰ ਢਾਹ ਕੇ ਪਹਿਲੀ ਅਜਿਹੀ ਕਾਰਵਾਈ ਕੀਤੀ।

ਸ੍ਰੀ ਸੁਰਜਨ ਸਿੰਘ ਨੇ ਆਖਿਆ ਕਿ 31 ਅਕਤੂਬਰ ਤੋਂ 6 ਨਵੰਬਰ ਤਕ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਦੇਸ਼ ਦੇ ਵਖ ਵਖ ਭਾਗਾਂ 'ਚ ਸਿੱਖਾਂ ਵਿਰੁਧ ਹੋਏ ਹਮਲੇ ਦੀ ਅਗਵਾਈ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਯੋਜਨਾਬੱਧ ਸਾਜ਼ਸ਼ ਅਧੀਨ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਹੈ।

ਉਨ੍ਹਾਂ ਮੰਗ ਕੀਤੀ ਕਿ ਦਿੱਲੀ ਤੇ ਦੇਸ਼ ਦੇ ਦੂਜੇ ਭਾਗਾਂ 'ਚ ਹੋਏ ਦੰਗਿਆਂ ਦੀ ਅਦਾਲਤੀ ਜਾਂਚ ਕਰਵਾਈ ਜਾਏ। ਉਨ੍ਹਾਂ ਕਿਹਾ ਕਿ ਦੰਗਿਆ ਤੋਂ ਪਹਿਲਾਂ ਪੰਜਾਬ ਦੀਆਂ ਘਟਨਾਵਾ ਬਾਰੇ ਵੀ ਅਦਾਲਤੀ ਜਾਂਚ ਕਰਵਾ ਲਈ ਜਾਵੇ ਤਾਂ ਕਿ ਸੱਚ ਸਾਹਮਣੇ ਆ ਸਕੇ।

ਉਨ੍ਹਾਂ ਸਿੱਖਾਂ ਨੂੰ ਵੱਖਵਾਦੀ ਕਹੇ ਜਾਣ ਨੂੰ ਝੁਠਲਾਇਆ ਤੇ ਕਿਹਾ ਕਿ ਦਲ ਮੰਗ ਕਰ ਰਿਹਾ ਹੈ ਕਿ ਦੇਸ਼ ਵਿਚ ਫੈਡਰਲ ਪ੍ਰਣਾਲੀ ਦੀ ਸਰਕਾਰ ਦੀ ਸਥਾਪਨਾ ਹੋਵੇ ਤੇ ਇਹੋ ਕੁਝ ਅਨੰਦਪੁਰ ਸਾਹਿਬ ਦੇ ਮਤੇ ਰਾਹੀਂ ਮੰਗ ਕੀਤੀ ਗਈ ਹੈ।

ਸ੍ਰੀ ਠੇਕੇਦਾਰ ਨੇ ਆਖਿਆ ਕਿ ਅਕਾਲੀ ਦਲ ਦੀਆਂ ਸਾਰੀਆਂ ਮੰਗਾਂ ਸੰਵਿਧਾਨਕ ਹੱਦਾਂ ਅੰਦਰ ਹਨ।

ਉਨ੍ਹਾਂ ਕਿਹਾ ਕਿ ਸਿੱਖ ਵੱਡੇ ਦੇਸ਼ ਭਗਤ ਹਨ ਅਤੇ ਇਨ੍ਹਾਂ ਦੇਸ਼ ਦੀ ਰੱਖਿਆ ਖਾਤਰ ਬਹੁਤ ਕੁਰਬਾਨੀਆਂ ਕੀਤੀਆਂ ਹਨ।

ਸ੍ਰੀ ਠੇਕੇਦਾਰ ਨੇ ਸਾਰੀਆਂ ਸਿਆਸੀ ਪਾਰਟੀਆਂ ਅਤੇ ਧਾਰਮਿਕ ਆਗੂਆਂ ਨੂੰ ਕਿਹਾ ਹੈ ਕਿ ਉਹ ਪ੍ਰਧਾਨ ਮੰਤਰੀ ਨੂੰ ਸਿੱਖ-ਵਿਰੋਧੀ ਪ੍ਰਚਾਰ ਕਰਨ ਤੋਂ ਰੋਕਣ ਲਈ ਦਬਾਅ ਪਾਉਣ ਕਿਉਂਕਿ ਇਸ ਪ੍ਰਚਾਰ ਨਾਲ ਦੇਸ਼ ਦਾ ਬਹੁਤ ਨੁਕਸਾਨ ਹੋ ਸਕਦਾ ਹੈ।

## ਬੀ. ਐਸ. ਐਫ. ਨੂੰ ਮੌਕੇ 'ਤੇ ਗੋਲੀ ਮਾਰਨ ਦਾ ਅਧਿਕਾਰ

**ਚੰਡੀਗੜ੍ਹ:** ਸਰਹੱਦੀ ਸੁਰੱਖਿਆ ਪੁਲੀਸ ਨੂੰ ਅਧਿਕਾਰ ਦਿੱਤਾ ਗਿਆ ਹੈ ਕਿ ਪਾਕਿਸਤਾਨ ਨਾਲ ਲਗਦੀ ਸਰਹੱਦ ਦੇ ਨਾਲ ਡੇਢ ਸੌ ਮੀਟਰ ਤਕ ਜੇਕਰ ਕੋਈ ਸ਼ੱਕੀ ਵਿਅਕਤੀ ਵੰਗਾਰੇ ਜਾਣ 'ਤੇ ਆਪਣੇ ਆਪ ਨੂੰ ਪੁਲੀਸ ਦੇ ਸਮਰਪਨ ਨਾ ਕਰੇ ਤਾਂ ਉਸ ਨੂੰ 'ਮੌਕੇ' ਤੇ 'ਗੋਲੀ' ਮਾਰ ਦਿਤੀ ਜਾਵੇ। ਇਹ ਹੁਕਮ ਦਹਿਸ਼ਤਪਸੰਦਾਂ ਅਤੇ ਸਮਗਲਰਾਂ ਦੀ ਪਾਕਿਸਤਾਨ ਵਲ ਆਵਾਜਾਈ ਨੂੰ ਕਰੜਾਈ ਨਾਲ ਰੋਕਣ ਲਈ ਦਿਤਾ ਗਿਆ ਹੈ।

ਸਰਕਾਰੀ ਬੁਲਾਰੇ ਅਨੁਸਾਰ ਜਲੰਧਰ ਤੇ ਫਗਵਾੜਾ ਨੇੜੇ ਸਕੂਲਾਂ ਅੱਗ ਲਾਉਣ ਸਬੰਧੀ ਦੋ ਵਿਅਕਤੀ ਫੜੇ ਗਏ ਹਨ ਜੋ ਪਾਬੰਦੀਸ਼ੁਦਾ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੈਂਬਰ ਹਨ। ਬੁਲਾਰੇ ਅਨੁਸਾਰ ਪੁੱਛਗਿੱਛ ਦੌਰਾਨ ਉਨ੍ਹਾਂ ਮੰਨਿਆ ਕਿ ਉਨ੍ਹਾਂ ਨੂੰ ਜਥੇਬੰਦੀ ਵਲੋਂ ਹਦਾਇਤ ਹੈ ਕਿ ਸਰਗਰਮੀ ਜਾਰੀ ਰਖੀ ਜਾਵੇ।

ਬੁਲਾਰੇ ਅਨੁਸਾਰ ਇਨ੍ਹਾਂ ਅੱਗ ਲੱਗਣ ਦੀਆਂ ਵਾਰਦਾਤਾਂ ਨਾਲ ਕੋਈ ਬਹੁਤਾ ਨੁਕਸਾਨ ਨਹੀਂ ਹੋਇਆ। ਇਸ ਸਬੰਧ ਵਿਚ ਸਕੂਲਾਂ ਦੇ ਪ੍ਰਬੰਧਕਾ ਅਤੇ ਸਬੰਧਤ ਪੰਚਾਇਤਾਂ ਨੂੰ ਕਿਹਾ ਗਿਆ ਹੈ ਕਿ ਉਹ ਇਧਰ ਧਿਆਨ ਦੇਣ ਕਿਉਂਕਿ ਹਰ ਥਾਂ ਪੁਲੀਸ ਹਾਜ਼ਰ ਨਹੀਂ ਰਹਿ ਸਕਦੀ।

### ਫਿਰਕੂ ਸਦਭਾਵਨਾ ਦਿਵਸ ਦਾ ਫੈਸਲਾ

**ਫਗਵਾੜਾ — (ਪੱਤਰ ਪ੍ਰੇਰਕ) —** ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਨੇ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ ਨੂੰ "ਫਿਰਕੂ ਸਦਭਾਵਨਾ ਦਿਵਸ" ਦੇ ਰੂਪ 'ਚ ਮਨਾਉਣ ਦਾ ਫੈਸਲਾ ਕੀਤਾ ਹੈ।

## 'ਭਗੌੜੇ ਫੌਜੀ' ਕੋਰਟ ਮਾਰਸ਼ਲ ਦੇ ਸਪੁਰਦ

**ਜਬਲਪੁਰ:** ਸਿੱਖ ਰੇਜਮੈਂਟਲ ਸੈਂਟਰ ਰਾਮਗੜ੍ਹ (ਬਿਹਾਰ) ਦੇ ਉਨ੍ਹਾਂ ਜਵਾਨਾਂ ਤੇ ਅਧਿਕਾਰੀਆਂ, ਜਿਹੜੇ ਪਿਛਲੇ ਸਾਲ ਜੂਨ ਮਹੀਨੇ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਫੌਜੀ ਕਾਰਵਾਈ ਪਿਛੋਂ ਭਗੌੜੇ ਹੋ ਗਏ ਸਨ, ਨੂੰ ਇਥੇ ਕੋਰਟ ਮਾਰਸ਼ਲ ਦੇ ਸਪੁਰਦ ਕਰ ਦਿਤਾ ਗਿਆ ਹੈ।

ਇਨ੍ਹਾਂ ਭਗੌੜਿਆਂ ਵਿਰੁਧ ਕਾਨੂੰਨੀ ਕਾਰਵਾਈ ਦੇ ਪਹਿਲੇ ਪੜਾਅ ਵਿਚ ਹਵਾਲਦਾਰ ਹਰੀ ਸਿੰਘ ਤੇ ਨਾਇਕ ਸਾਧੂ ਸਿੰਘ ਨੂੰ ਮੁਕੱਦਮੇ ਲਈ ਪੰਜ ਮੈਂਬਰੀ ਨਿਆਇਕ ਬੋਰਡ ਦੇ ਹਵਾਲੇ ਕੀਤਾ ਗਿਆ। ਬੋਰਡ ਦੀ ਅਗਵਾਈ ਡੋਗਰਾ ਰੇਜਮੈਂਟਲ ਦੇ ਸਿੱਖ ਸੈਨਾਪਤੀ ਬ੍ਰਿਗੇਡੀਅਰ ਐਚ. ਐਸ. ਲਾਂਬਾ ਕਰ ਰਹੇ ਹਨ।

ਦੋਹਾਂ ਸਿੱਖ ਫੌਜੀਆਂ ਨੂੰ ਆਰਮੀ ਐਕਟ ਦੀਆਂ ਕਈ ਧਾਰਾਵਾਂ ਦੇ ਤਹਿਤ ਫਰਦ — ਜੁਰਮ ਕੀਤਾ ਗਿਆ ਹੈ। ਦੋਹਾਂ 'ਤੇ ਲਗਾਏ ਗਏ ਦੋਸ਼ਾਂ ਵਿਚ ਰੈਜਮੈਂਟ ਦੇ ਮਾਲਖਾਨੇ ਨੂੰ ਲੁੱਟਣਾ ਸ਼ਾਮਲ ਹੈ, ਪਰ ਮੁਖ ਦੋਸ਼ ਸਰਕਾਰ ਵਿਰੁਧ ਬਗਾਵਤ ਕਰਨ ਦਾ ਹੀ ਹੈ। ਇਸ ਦੋਸ਼ ਦੀ ਇਕੋ ਇਕ ਸਜ਼ਾ ਫਾਂਸੀ ਹੈ।

ਇਥੇ ਇਹ ਵਰਨਣਯੋਗ ਹੈ ਕਿ ਅੰਮ੍ਰਿਤਸਰ ਵਿਚ ਫੌਜੀ ਕਾਰਵਾਈ ਪਿਛੋਂ 10 ਜੂਨ 1984 ਨੂੰ ਸਿੱਖ ਰੇਜਮੈਂਟਲ ਸੈਂਟਰ ਦੇ ਲਗਭਗ 2000 ਫੌਜੀਆਂ ਨੇ ਹਥਿਆਰਬੰਦ ਬਗਾਵਤ ਕਰਕੇ ਛਾਉਣੀ ਵਿਚੋਂ ਹਥਿਆਰ ਤੇ ਗੋਲੀ ਸਿੱਕਾ ਲੁੱਟ ਲਿਆ ਸੀ ਅਤੇ ਰੈਜਮੈਂਟ ਦੇ ਸੈਨਾਪਤੀ ਬ੍ਰਿਗੇਡੀਅਰ ਐਸ. ਸੀ. ਪੁਰੀ ਨੂੰ ਗੋਲੀ ਨਾਲ ਹਲਾਕ ਕਰ ਦਿਤਾ ਸੀ।

ਫੌਜੀ ਭਗੌੜਿਆਂ 'ਤੇ ਮੁਕੱਦਮਾ ਇਕ ਤਰ੍ਹਾਂ ਨਾਲ ਖੁੱਲ੍ਹੀ ਅਦਾਲਤ ਵਿਚ ਹੀ ਚਲਾਇਆ ਜਾ ਰਿਹਾ ਹੈ। ਸਰਕਾਰ ਨੇ ਭਗੌੜਿਆਂ ਦੀ ਪੈਰਵੀ ਲਈ ਆਪਣੇ ਵਲੋਂ ਦੋ ਵਕੀਲ — ਲੈਫਟੀ. ਕਰਨਲ ਡੀ. ਐਸ. ਬੈਦਵਾਂ (ਜੋ ਕਿ ਸਿਖ ਹਨ) ਤੇ ਸ੍ਰੀ ਹੀਰਾ ਸਿੰਘ ਚੌਹਾਨ ਮੁਹੱਈਆ ਕੀਤੇ ਹਨ। ਸ੍ਰੀ ਚੌਹਾਨ ਜਬਲਪੁਰ ਦੇ ਇਕ ਪ੍ਰਮੁਖ ਵਕੀਲ ਹਨ।

ਬ੍ਰਿਗੇਡੀਅਰ ਲਾਂਬਾ ਤੋਂ ਇਲਾਵਾ ਨਿਆਇਕ ਬੋਰਡ ਵਿਚ ਇਕ ਹੋਰ ਸਿੱਖ ਅਫਸਰ ਲੈਫਟੀ. ਕਰਨਲ ਐਚ. ਐਸ. ਗਰੇਵਾਲ ਸ਼ਾਮਲ ਹੈ। ਬੋਰਡ ਦੇ ਹੋਰ ਮੈਂਬਰ ਹਨ : ਕਰਨਲ ਓ. ਪੀ. ਖੰਨਾ, ਲੈਫਟੀ, ਕਰਨਲ ਬੀ. ਕੇ. ਨਰੂਲਾ ਤੇ ਮੇਜਰ ਵੀ. ਸੀ. ਮਨੋਹਰ।

ਲਗਭਗ 20 ਭਗੌੜੇ, ਜਿਨ੍ਹਾਂ ਨੇ ਮਾਲਖਾਨਾ ਤੋੜ ਕੇ ਅਸਲਾ ਲੁੱਟਿਆ ਅਤੇ ਹੋਰਨਾਂ ਫੌਜੀਆਂ ਨੂੰ ਬਗਾਵਤ ਲਈ ਭੜਕਾਇਆ 'ਤੇ ਜਬਲਪੁਰ ਵਿਚ ਮੁਕੱਦਮਾ ਚਲਾਇਆ ਜਾਵੇਗਾ। ਮੁਕੱਦਮਿਆਂ ਨੂੰ ਤੇਜ਼ੀ ਨਾਲ ਨਿਪਟਾਉਣ ਲਈ ਕੁਝ ਹੋਰ ਬੋਰਡ ਵੀ ਕਾਇਮ ਕੀਤੇ ਜਾਣ ਦੀ ਸੰਭਾਵਨਾ ਹੈ। ਕੁਝ ਹੋਰਨਾਂ ਭਗੌੜਿਆਂ 'ਤੇ ਮੁਕੱਦਮਾ ਅਲਾਹਾਬਾਦ ਵਿਚ ਚਲਾਇਆ ਜਾਵੇਗਾ।

ਆਮ ਰਾਏ ਤੋਂ ਉਲਟ ਭਗੌੜਿਆਂ ਨੇ ਬ੍ਰਿਗੇਡੀਅਰ ਪੁਰੀ ਨੂੰ ਜਾਣ ਬੁਝ ਕੇ ਗੋਲੀਆਂ ਦਾ ਨਿਸ਼ਾਨਾ ਨਹੀਂ ਬਣਾਇਆ। ਰੈਜਮੈਂਟ ਦੇ ਸੀਨੀਅਰ ਅਫਸਰਾਂ ਵਲੋਂ ਅਦਾਲਤ ਵਿਚ ਦਿਤੀਆਂ ਗਵਾਹੀਆਂ ਤੋਂ ਇਹ ਝਲਕਦਾ ਹੈ ਕਿ ਬ੍ਰਿਗੇਡੀਅਰ ਪੁਰੀ ਦੀ ਮੌਤ ਆਪਣੇ ਆਪ ਵਿਚ ਹਾਦਸਾ ਸੀ।

ਭਗੌੜਿਆਂ ਨੇ ਇਕ ਕਾਰ ਵਲ ਗੋਲੀਆਂ ਚਲਾਈਆ ਜਿਸ 'ਚ ਬ੍ਰਿਗੇਡੀਅਰ ਪੁਰੀ ਤੇ ਉਨ੍ਹਾਂ ਦੇ ਦੋ ਸਹਿਯੋਗੀ ਬੈਠੇ ਸਨ। ਕਿਉਂਕਿ ਬ੍ਰਿਗੇਡੀਅਰ ਪੁਰੀ ਕਾਰ ਦੀ ਤਾਕੀ ਦੇ ਨੇੜੇ ਬੈਠੇ ਸਨ, ਇਸ ਕਰਕੇ ਉਨ੍ਹਾਂ ਨੂੰ ਜ਼ਿਆਦਾ ਗੋਲੀਆਂ ਲੱਗੀਆਂ ਅਤੇ ਉਹ ਜ਼ਖਮਾਂ ਦੀ ਤਾਬ ਨਾ ਝਲਦੇ ਹੋਏ ਦਮ ਤੋੜ ਗਏ। ਕਾਰ ਵਿਚ ਬੈਠੇ ਕਰਨਲ ਜਗਦੇਵ ਸਿੰਘ ਚੀਮਾ ਨੂੰ ਵੀ ਗੋਲੀਆਂ ਲੱਗੀਆਂ ਅਤੇ ਦੋਵੇਂ ਭਾਵੇਂ ਗੰਭੀਰ ਰੂਪ ਵਿਚ ਫੱਟੜ ਹੋ ਗਏ, ਪਰ ਸਮੇਂ ਸਿਰ ਹਸਪਤਾਲ ਵਿਚ ਪਹੁੰਚਾ ਦਿਤੇ ਜਾਣ ਕਾਰਨ ਦੋਹਾਂ ਦੀ ਜਾਨ ਬਚਾ ਲਈ ਗਈ।

ਗਵਾਹੀਆਂ ਅਨੁਸਾਰ ਜੇਕਰ ਭਗੌੜਿਆਂ ਦਾ ਇਰਾਦਾ ਗੈਰ-ਸਿੱਖ ਅਫਸਰਾਂ ਨੂੰ ਮਾਰਨ ਦਾ ਹੁੰਦਾ ਤਾਂ ਇਹ ਆਪਣੀ ਹੀ ਰੈਜਮੈਂਟ ਦੇ ਲੈਫਟੀ. ਕਰਨਲ ਕੇ. ਕੇ. ਵਰਮਾ ਨੂੰ ਆਸਾਨੀ ਨਾਲ ਮਾਰ ਸਕਦੇ ਸਨ ਜਿਨ੍ਹਾਂ ਨੇ ਸੈਂਟਰ ਦੇ ਗਾਰਡ ਰੂਮ ਨੇੜੇ ਭਗੌੜਿਆਂ ਦਾ ਸਾਹਮਣਾ ਕੀਤਾ।

ਕਰਨਲ ਚੀਮਾ ਤੇ ਕਰਨਲ ਵਰਮਾ ਇਸਤਗਾਸਾ ਪੱਖ ਦੇ ਉਨ੍ਹਾਂ ਪੰਜ ਗਵਾਹਾਂ ਵਿਚ ਸ਼ਾਮਲ ਸਨ, ਜਿਹੜੇ ਅਦਾਲਤ ਅੱਗੇ ਪੇਸ਼ ਹੋਏ।

ਅਦਾਲਤ ਨੂੰ ਦਸਿਆ ਗਿਆ ਕਿ ਰੇਜਮੈਂਟ ਦਾ ਮਾਲਖਾਨਾ ਲੁੱਟਣ ਪਿਛੋਂ ਭਗੌੜਿਆਂ ਨੇ ਹਵਾ ਵਿਚ ਫਾਇਰਿੰਗ ਕੀਤੀ ਅਤੇ ਗੈਰ ਫੌਜੀ ਵਾਹਨ, ਖਾਸ ਕਰਕੇ ਟਰੱਕ ਅਗਵਾ ਕਰ ਲਏ।

ਬਹੁਤੇ ਭਗੌੜਿਆਂ ਨੂੰ ਅਲਾਹਾਬਾਦ ਪਹੁੰਚਣ ਤੋਂ ਪਹਿਲਾਂ ਹੀ ਪਕੜ ਲਿਆ ਗਿਆ। ਰੈਜਮੈਂਟ ਵਿਚਲੇ 2100 ਫੌਜੀਆਂ ਵਿਚੋਂ 1058 ਜਵਾਨ ਤੇ 48 ਨਾਨਕਮੀਸ਼ੰਡ ਅਫਸਰ ਦਸ ਜੂਨ ਨੂੰ ਭਗੌੜੇ ਹੋਏ।


DOSANJH & PIRANI

#202 - 5887 Victoria Drive, Vancouver, B.C. V5P 3W5 Lawyers

PHONE: 327-6381

* ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ * ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ

* ਵਿਉਪਾਰਕ ਮਸਲੇ * ਪ੍ਰਵਾਰ ਤੇ ਤਲਾਕ * ਫੌਜਦਾਰੀ ਤੇ ਸਿਵਲ * ਕੋਰਟ ਟਰਾਇਲ

ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

ਕੈਨੇਡਾ ਦਰਪਣ

## ਮਾਥੁਰ ਵਲੋਂ ਅਸਤੀਫਾ ਹੀਰਾ ਲਾਲ ਮੁੱਖ ਮੰਤਰੀ

**ਜੈਪੁਰ:** ਰਾਜਸਥਾਨ ਦੇ ਮੁਖ ਮੰਤਰੀ ਸ਼ਿਵ ਚਰਨ ਮਾਥੁਰ ਨੇ ਅਜ ਆਪਣਾ ਅਸਤੀਫਾ ਓ. ਪੀ. ਮਹਿਰਾ ਅੱਗੇ ਪੇਸ਼ ਕਰ ਦਿਤਾ। ਵਿਧਾਇਕ ਮਾਨ ਸਿੰਘ ਅਤੇ ਉਨ੍ਹਾਂ ਦੇ ਦੋ ਸਾਥੀਆਂ ਦੀ ਪੁਲੀਸ ਫਾਇਰਿੰਗ ਨਾਲ ਹੋਈ ਮੌਤ ਉਪਰੰਤ ਪੈਦਾ ਹੋਈ ਸਥਿਤੀ 'ਚ ਸ੍ਰੀ ਮਾਥੁਰ ਨੇ ਨੈਤਿਕ ਆਧਾਰ 'ਤੇ ਆਪਣਾ ਦੋ ਸਤਰਾਂ ਦਾ ਅਸਤੀਫਾ ਅਜ 12.45 ਵਜੇ ਰਾਜਪਾਲ ਅੱਗੇ ਪੇਸ਼ ਕੀਤਾ।

ਰਾਜਪਾਲ ਨੇ ਮੁਖ ਮੰਤਰੀ ਦਾ ਅਸਤੀਫਾ ਪ੍ਰਵਾਨ ਕਰ ਲਿਆ ਅਤੇ ਸਾਬਕਾ ਕਿਰਤ ਮੰਤਰੀ ਸ੍ਰੀ ਹੀਰਾ ਲਾਲ ਨੂੰ ਰਾਜ ਦੇ ਨਵੇਂ ਮੁਖ ਮੰਤਰੀ ਬਣਾਇਆ ਗਿਆ ਹੈ।

ਰਾਜਪਾਲ ਨੇ ਮੁਖ ਮੰਤਰੀ ਦਾ ਅਸਤੀਫਾ ਪ੍ਰਵਾਨ ਕਰ ਲਿਆ ਅਤੇ ਸਾਬਕਾ ਕਿਰਤ ਮੰਤਰੀ ਸ੍ਰੀ ਹੀਰਾ ਲਾਲ ਨੂੰ ਰਾਜ ਦੇ ਨਵੇਂ ਮੁਖ ਮੰਤਰੀ ਬਣਾਇਆ ਗਿਆ ਹੈ।

ਜਦੋਂ ਉਨ੍ਹਾਂ ਨੂੰ ਇਹ ਪੁੱਛਿਆ ਕਿ ਕਾਂਗਰਸ (ਆਈ) ਹਾਈ ਕਮਾਂਡ ਦੇ ਫੈਸਲੇ ਨੂੰ ਉਡੀਕੇ ਬਿਨਾਂ ਹੀ ਅਸਤੀਫਾ ਕਿਉਂ ਦੇ ਦਿਤਾ ਤਾਂ ਸ੍ਰੀ ਮਾਥੁਰ ਨੇ ਕਿਹਾ, "ਮੈਂ ਆਪਣੀ ਜ਼ਮੀਰ ਦੇ ਫੈਸਲੇ ਮੁਤਾਬਿਕ ਇਹ ਕਾਰਵਾਈ ਕੀਤੀ ਹੈ।" ਬਾਅਦ ਵਿਚ ਇਹ ਵੀ ਦੱਸਿਆ ਗਿਆ ਕਿ ਸ੍ਰੀ ਰਾਜੀਵ ਗਾਂਧੀ ਤੋਂ ਉਨ੍ਹਾਂ ਇਸ ਸਬੰਧੀ ਆਗਿਆ ਲੈ ਲਈ ਹੈ।

ਇਸ ਤੋਂ ਪਹਿਲਾਂ ਦਿਨ ਸਮੇਂ ਸ੍ਰੀ ਮਾਥੁਰ ਨੇ ਰਿਹਾਇਸ਼ੀ-ਸਥਾਨ ਵਿਖੇ ਆਪਣੇ ਕੈਬਨਿਟ ਸਾਥੀਆਂ ਨਾਲ ਸਲਾਹ ਮਸ਼ਵਰਾ ਕੀਤਾ। ਪੈਟਰੋਲੀਅਮ ਬਾਰੇ ਕੇਂਦਰੀ ਰਾਜ ਮੰਤਰੀ ਨਵਲ ਕਿਸ਼ੋਰ ਸ਼ਰਮਾ ਅਤੇ ਸੰਚਾਰ ਮੰਤਰੀ ਰਾਮ ਨਿਵਾਸ ਮਿਰਧਾ ਵੀ ਸ੍ਰੀ ਮਾਥੁਰ ਨੂੰ ਮਿਲੇ।

ਸ੍ਰੀ ਮਾਥੁਰ ਨੇ ਕਿਹਾ ਕਿ ਸਦਾਚਾਰਕ ਕਦਰਾਂ-ਕੀਮਤਾਂ ਨੂੰ ਬਰਕਰਾਰ ਰਖਦੇ ਹੋਏ ਇਹ ਅਸਤੀਫਾ ਦਿਤਾ ਗਿਆ ਹੈ ਜੋ ਕਿ ਉਨ੍ਹਾਂ ਦੀ ਪਾਰਟੀ ਦਾ ਆ ਰਹੀਆਂ ਅਸ਼ੈਂਬਲੀ ਚੋਣਾਂ ਲਈ ਚੰਗਾ ਪ੍ਰਭਾਵ ਬਣਾਵੇਗਾ।

ਸ੍ਰੀ ਮਾਨ ਸਿੰਘ ਦੀ ਮੌਤ ਬਾਰੇ ਉਨ੍ਹਾਂ ਕਿਹਾ ਕਿ ਘਟਨਾ ਦੀ ਜਾਂਚ ਲਈ ਸਰਕਾਰ ਕਮਿਸ਼ਨ ਕਾਇਮ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਪੁਰਾਣੇ ਹਲਕੇ ਨੂੰ ਜਾ ਰਹੇ ਹਨ ਜਿਥੋਂ ਕਿ ਉਨ੍ਹਾਂ ਅਸੈਂਬਲੀ ਲਈ ਮੁੜ ਚੋਣ ਲੜਨੀ ਹੈ।

ਮੁਖ ਮੰਤਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਇਹ ਵੀ ਕਿਹਾ ਕਿ ਸ੍ਰੀ ਮਾਨ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਮਰਨ ਵਾਲੀ ਘਟਨਾ ਨਿਰਾਸ਼ਾਜਨਕ ਹੈ

### ਮੀਟਿੰਗ 31 ਨੂੰ

**ਜਲੰਧਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸ. ਕੁਲਦੀਪ ਸਿੰਘ ਵਡਾਲਾ ਨੇ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੀ ਮੀਟਿੰਗ 31 ਮਾਰਚ ਨੂੰ ਅੰਮ੍ਰਿਤਸਰ ਹੋ ਰਹੀ ਹੈ।

## ਪਾਕਿ ਨੂੰ ਵਕੀਲ ਭੇਜੇ ਤਾਂ ਵਾਰਤਾ ਦੀ ਆਸ ਮੱਧਮ

**ਰੁਦਰਪੁਰ (ਉਤਰ ਪ੍ਰਦੇਸ਼)** — ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਚਿਤਾਵਨੀ ਦਿਤੀ ਹੈ ਕਿ ਅਗਰ ਅਕਾਲੀਆਂ ਨੇ ਪਾਕਿਸਤਾਨ ਵਿਚ ਇੰਡੀਅਨ ਏਅਰ ਲਾਈਨਜ਼ ਦਾ ਹਵਾਈ ਜਹਾਜ਼ ਅਗਵਾ ਕਰਨ ਵਾਲਿਆਂ ਦੀ ਮੁਕੱਦਮੇ ਵਿਚ ਪੈਰਵੀ ਕਰਨ ਲਈ ਕੋਈ ਵਕੀਲ ਭੇਜਿਆ ਤਾਂ ਉਨ੍ਹਾਂ ਨਾਲ ਗਲਬਾਤ ਦੀਆਂ ਸੰਭਾਵਨਾਵਾਂ ਮੱਧਮ ਪੈ ਜਾਣਗੀਆਂ।

ਇਸ ਸਬੰਧੀ ਖਬਰਾਂ ਨੂੰ "ਬੇਚੈਨ ਕਰਨ ਵਾਲੀਆਂ" ਦਸਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਅਕਾਲੀ ਦਲ ਨਾਲ ਗਲਬਾਤ ਲਈ ਸਿਰਫ ਦੋ ਸ਼ਰਤਾਂ ਰਖੀਆਂ ਹਨ — ਇਕ ਤੇ ਉਹ ਅਤਿਵਾਦੀਆਂ ਨਾਲੋਂ ਨਿਖੇੜਾ ਕਰਨ, ਦੂਸਰੇ ਸੰਵਿਧਾਨ ਦੇ ਢਾਂਚੇ ਵਿਚ ਗਲਬਾਤ ਲਈ ਰਾਜ਼ੀ ਹੋਣ।

ਸ੍ਰੀ ਗਾਂਧੀ ਨੇ ਵੱਖ ਵੱਖ ਚੋਣ ਜਲਸਿਆਂ ਵਿਚ ਤਕਰੀਰਾਂ ਕਰਦਿਆਂ ਸ੍ਰੀ ਪੀ. ਐਨ. ਲੇਖੀ ਨੂੰ ਇੰਦਰਾ ਗਾਂਧੀ ਕਤਲ ਕਾਂਡ ਵਿਚ ਸਤਵੰਤ ਸਿੰਘ ਦੇ ਵਕੀਲੇ ਸਫਾਈ ਵਜੋਂ ਪੇਸ਼ ਹੋਣ ਦੀ ਆਗਿਆ ਦੇਣ ਲਈ ਭਾਰਤੀ ਜਨਤਾ ਪਾਰਟੀ ਦੀ ਨਿਖੇਧੀ ਕੀਤੀ।

ਉਨ੍ਹਾਂ ਕਿਹਾ ਕਿ ਸ੍ਰੀ ਲੇਖੀ ਦਾ ਸਤਵੰਤ ਸਿੰਘ ਵਲੋਂ ਪੇਸ਼ ਹੋਣ ਲਈ ਦਿੱਲੀ ਭਾਜਪਾ ਦੀ ਮੀਤ ਪ੍ਰਧਾਨਗੀ ਤੋਂ ਅਸਤੀਫਾ ਮਹਿਜ਼ "ਅੱਖਾਂ ਪੂੰਝਣਾ" ਹੈ।

ਪ੍ਰਧਾਨ ਮੰਤਰੀ ਨੇ ਇਸ ਗੱਲ ਵਲ ਧਿਆਨ ਦਿਵਾਇਆ ਹੈ ਕਿ ਸ੍ਰੀ ਲੇਖੀ ਸ਼ਾਹ ਕਮਿਸ਼ਨ ਅਗੇ ਸ੍ਰੀਮਤੀ ਇੰਦਰਾ ਗਾਂਧੀ ਵਿਰੁਧ ਸਰਕਾਰੀ ਵਕੀਲ ਵਜੋਂ ਪੇਸ਼ ਹੁੰਦੇ ਰਹੇ ਹਨ।

ਪੀ. ਟੀ. ਆਈ. ਅਨੁਸਾਰ ਸ੍ਰੀ ਗਾਂਧੀ ਨੇ ਸਾਰੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਦਹਿਸ਼ਤਪ੍ਰਸਤੀ ਵਿਰੁਧ ਅਵਾਜ਼ ਉਠਾਉਣ ਅਤੇ ਪੰਜਾਬ ਮਸਲਾ ਹੱਲ ਕਰਨ ਵਿਚ ਸਹਿਯੋਗ ਦੇਣ।

ਉਨ੍ਹਾਂ ਸਿੱਖਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੇ ਅਧਿਕਾਰਾਂ ਦੀ ਪੂਰੀ ਤਰ੍ਹਾਂ ਰਾਖੀ ਕੀਤੀ ਜਾਵੇਗੀ ਅਤੇ ਉਨ੍ਹਾਂ ਦੇ ਹਿਤਾਂ ਦੀ ਸੁਰੱਖਿਆ ਕੀਤੀ ਜਾਵੇਗੀ। ਉਨ੍ਹਾਂ ਵਿਰੁਧ ਕਿਸੇ ਵੀ ਤਰ੍ਹਾਂ ਦੇ ਭੇਦ ਭਾਵ ਦਾ ਸਵਾਲ ਨਹੀਂ ਹੈ ਅਤੇ ਉਨ੍ਹਾਂ ਨੂੰ ਜੀਵਨ ਦੇ ਹਰ ਪਹਿਲੂ ਵਿਚ ਪੂਰੇ ਮੌਕੇ ਮਿਲਣਗੇ।

### ਰਾਜੀਵ ਦੀ ਨਾਂਹ

**ਨਵੀਂ ਦਿਲੀ — (ਯੂ. ਐਨ. ਆਈ.)** — ਭਾਵੇਂ ਅਜੇ ਦਲ ਬਦਲੀ ਵਿਰੋਧੀ ਬਿਲ ਨੇ ਅਮਲ ਵਿਚ ਆਉਣਾ ਹੈ ਪ੍ਰੰਤੂ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ 19 ਆਜ਼ਾਦ ਵਿਧਾਇਕਾਂ ਨੂੰ ਕਾਂਗਰਸ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰਕੇ ਇਸ ਬਿੱਲ ਉਤੇ ਪਹਿਲਾਂ ਹੀ ਅਮਲ ਸ਼ੁਰੂ ਕਰ ਦਿਤਾ ਹੈ।

ਭਰੋਸੇਯੋਗ ਸੂਤਰਾਂ ਅਨੁਸਾਰ ਜਿਨ੍ਹਾਂ ਮੈਂਬਰਾਂ ਨੂੰ ਜਵਾਬ ਦਿਤਾ ਗਿਆ ਹੈ, ਉਨ੍ਹਾਂ ਵਿਚ 19 ਮਨੀਪੁਰ ਦੇ ਆਜ਼ਾਦ ਵਿਧਾਇਕ ਅਤੇ ਇਕ ਦਾਦਰਾ ਨਗਰ ਹਵੇਲੀ ਦਾ ਆਜ਼ਾਦ ਪਾਰਲੀਮੈਂਟ ਮੈਂਬਰ ਸ਼ਾਮਲ ਹੈ।

## ਸਤਵੰਤ ਸਿੰਘ ਤੇ 2 ਹੋਰਨਾਂ ਦੀ ਜ਼ਮਾਨਤ ਰੱਦ

**ਨਵੀਂ ਦਿਲੀ:** ਇੰਦਰਾ ਗਾਂਧੀ ਹੱਤਿਆ ਕਾਂਡ ਦੇ ਦੋਸ਼ੀਆਂ ਸਤਵੰਤ ਸਿੰਘ, ਬਲਬੀਰ ਸਿੰਘ ਅਤੇ ਕੇਹਰ ਸਿੰਘ ਦੀਆਂ ਜ਼ਮਾਨਤੀ ਅਰਜ਼ੀਆਂ, ਐਡੀਸ਼ਨਲ ਚੀਫ ਮੈਟਰੋਪਾਲਿਟਨ ਮੈਜਿਸਟਰੇਟ ਸ੍ਰੀ ਐਸ. ਐਲ. ਖੰਨਾ ਨੇ ਅਜ ਰੱਦ ਕਰ ਦਿੱਤੀਆਂ।

ਮੈਜਿਸਟਰੇਟ ਨੇ ਆਪਣੇ ਫੈਸਲੇ 'ਚ ਕਿਹਾ ਕਿ ਸਤਵੰਤ ਸਿੰਘ (ਸਿੰਘ, ਕੇਹਰ ਸਿੰਘ ਅਤੇ ਬਲਬੀਰ ਸਿੰਘ ਵਿਰੁਧ ਚਾਰਜਸ਼ੀਟ 90 ਦਿਨਾਂ ਦੇ ਅੰਦਰ (88ਵੇਂ ਦਿਨ) ਪੇਸ਼ ਕੀਤੀ ਗਈ ਸੀ। ਇਸ ਲਈ ਉਹ ਜ਼ਮਾਨਤ ਦੇ ਹੱਕਦਾਰ ਨਹੀਂ ਹਨ।

ਇਸ ਤੋਂ ਪਹਿਲਾਂ ਸਤਵੰਤ ਸਿੰਘ ਦੇ ਵਕੀਲ ਪੀ. ਐਨ. ਲੇਖੀ ਨੇ ਕਿਹਾ ਸੀ ਕਿ 90 ਦਿਨਾਂ ਦੇ ਅੰਦਰ ਚਾਰਜਸ਼ੀਟ ਪੇਸ਼ ਨਹੀਂ ਸੀ ਕੀਤੀ ਗਈ। ਵਕੀਲ ਨੇ ਇਹ ਵੀ ਕਿਹਾ ਕਿ ਲੋਹੀਆ ਹਸਪਤਾਲ ਦੇ ਸਮੇਂ ਦੌਰਾਨ ਸਤਵੰਤ ਸਿੰਘ ਨੂੰ ਪੁਲੀਸ ਹਿਰਾਸਤ 'ਚ ਹੀ ਰਖਿਆ ਗਿਆ। ਜਿਵੇਂ ਕਿ ਅਖਬਾਰਾਂ ਦੀਆਂ ਰਿਪੋਰਟਾਂ ਦਸਦੀਆਂ ਹਨ ਕਿ ਹਸਪਤਾਲ ਨੂੰ ਚਾਰੇ ਪਾਸਿਓਂ ਪੁਲੀਸ ਨੇ ਘੇਰਾ ਪਾਇਆ ਹੋਇਆ ਸੀ ਤੇ ਸਤਵੰਤ ਸਿੰਘ ਨੂੰ ਕੋਈ ਵੀ ਨਹੀਂ ਸੀ ਮਿਲ ਸਕਦਾ।

ਮੈਜਿਸਟਰੇਟ ਨੇ ਮਿਸਾਲ ਦੇ ਕੇ ਕਿਹਾ ਕਿ ਪਿੰਡ 'ਚ ਜਦੋਂ ਕੋਈ ਵਿਅਕਤੀ ਜੁਰਮ ਕਰਦਾ ਹੈ ਤਾਂ ਪਿੰਡ ਵਾਸੀ ਜਾਂ ਪਿੰਡ ਦਾ ਚੌਕੀਦਾਰ ਉਸ ਨੂੰ ਪੁਲੀਸ ਦੇ ਹਵਾਲੇ ਕਰਨ ਲਈ ਕਾਬੂ ਕਰ ਲੈਂਦੇ ਹਨ ਤਾਂ ਉਸ ਨੂੰ ਕਾਬੂ ਕੀਤੇ ਜਾਣ ਦੇ ਸਮੇਂ ਨੂੰ ਪੁਲੀਸ ਦੀ ਗ੍ਰਿਫਤਾਰੀ ਨਹੀਂ ਗਿਣਿਆ ਜਾ ਸਕਦਾ। ਉਨ੍ਹਾਂ ਕਿਹਾ ਕਿ 31 ਅਕਤੂਬਰ ਨੂੰ 11.25 ਵਜੇ ਐਫ. ਆਈ. ਆਰ. ਦਰਜ ਕਰਨ ਪਿਛੋਂ ਪੁਲੀਸ ਮਸ਼ੀਨਰੀ ਹਰਕਤ 'ਚ ਆਈ ਅਤੇ ਜਦ ਤਕ ਸਤਵੰਤ ਸਿੰਘ ਨੂੰ ਲੋਹੀਆ ਹਸਪਤਾਲ ਵਿਚ ਲਿਜਾਇਆ ਜਾ ਚੁੱਕਾ ਸੀ।

ਮੈਜਿਸਟਰੇਟ ਨੇ ਕਿਹਾ ਕਿ ਰਿਕਾਰਡਾਂ ਤੋਂ ਇਹੋ ਤੱਥ ਸਾਹਮਣੇ ਆਉਂਦਾ ਹੈ ਕਿ ਸਤਵੰਤ ਸਿੰਘ ਨੂੰ ਹਸਪਤਾਲ ਤੋਂ ਡਿਸਚਾਰਜ ਕਰਨ ਉਪਰੰਤ 15 ਨਵੰਬਰ ਨੂੰ ਗ੍ਰਿਫਤਾਰ ਕੀਤਾ ਗਿਆ।

### 'ਖਾਲਸਾ ਵਾਇਸ' ਬਾਰੇ ਰੀਪੋਰਟ ਦੀ ਉਡੀਕ

**ਨਵੀਂ ਦਿਲੀ — (ਪੀ. ਟੀ. ਆਈ.)** — ਵਿਦੇਸ਼ ਮੰਤਰਾਲੇ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਪੱਛਮੀ ਯੂਰਪ ਵਿਚ ਕਿਸੇ ਥਾਂ ਤੋਂ ਕਥਿਤ 'ਖਾਲਸਾ ਵਾਇਸ' ਦੇ ਪ੍ਰਸਾਰਣ ਦਾ ਮਾਮਲਾ ਭਾਰਤ ਸਰਕਾਰ ਵੇਰਵੇ ਸਹਿਤ ਰਿਪੋਰਟ ਮਿਲਣ ਪਿਛੋਂ ਹੀ ਸਬੰਧਤ ਸਰਕਾਰ ਨਾਲ ਉਠਾਏਗੀ। ਬੁਲਾਰੇ ਨੇ ਦਸਿਆ ਕਿ ਸਰਕਾਰ ਇਸ ਵਿਸ਼ੇ 'ਤੇ ਲੰਡਨ ਸਥਿਤ ਭਾਰਤੀ ਰਾਜਦੂਤ ਦੀ ਰਿਪੋਰਟ ਉਡੀਕ ਰਹੀ ਹੈ।




ਸੁਰਜੀਤ ਸਿੰਘ ਬੈਂਸ

ਕਿਸ਼ਤਾਂ ਦਾ ਵੀ ਬੰਦੋਬਸਤ ਕੀਤਾ ਜਾਵੇਗਾ

ਕਿਸੇ ਵੀ ਕੰਪਨੀ ਦੀ ਕਾਰ ਕਿਸੇ ਵੀ ਡੀਲਰ ਤੋਂ ਖ੍ਰੀਦਣੀ ਹੋਵੇ

**To Buy Any Car From Any Dealer**

**Contact**

**Surjit S. Bains**

**Ph. 324-1527**

ਸੁਰਜੀਤ ਸਿੰਘ ਬੈਂਸ ਬੀ. ਸੀ. ਦੇ ਲਾਇਸੈਂਸਡ ਮਕੈਨਿਕ ਹਨ

ਜਿੰਨ੍ਹਾਂ ਦਾ 15 ਸਾਲਾਂ ਦਾ ਤਜਰਬਾ ਹੈ

ਜੀ. ਐਮ. ਸੀ. ਫੋਰਡ, ਕ੍ਰਾਈਸਲਰ, ਅਮੈਰਿਕਨ ਮੋਟਰਜ਼ ਜਾਂ ਬਦੇਸ਼ੀ ਕਾਰਾਂ

ਕਾਰਾਂ, ਵੈਨਾਂ, ਪਿਕਅੱਪ ਖ੍ਰੀਦਣ ਜਾਂ ਵੇਚਣ ਲਈ

**ਸੁਰਜੀਤ ਸਿੰਘ ਬੈਂਸ ਨੂੰ ਮਿਲੋ ਜਾਂ**

**ਫੋਨ ਕਰੋ : 324-1527**

ਖ੍ਰੀਦਣ ਜਾਂ ਵੇਚਣ ਵਾਲੇ ਤੋਂ ਕੋਈ ਕਮਿਸ਼ਨ ਨਹੀਂ ਲਿਆ ਜਾਵੇਗਾ।

**INCOME TAX**

ਜੇ ਤੁਸੀਂ ਵੱਧ ਤੋਂ ਵੱਧ ਕਟੌਤੀਆਂ ਲੈ ਕੇ ਘੱਟ ਤੋਂ ਘੱਟ ਇਨਕਮ ਟੈਕਸ ਭਰਨਾ ਚਾਹੁੰਦੇ ਹੋ ਤਾਂ ਆਪਣੀਆਂ ਇਨਕਮ ਟੈਕਸ ਦੀਆਂ ਰੀਟਰਨਾਂ H.M. TAX ਦੇ ਤਜਰਬੇਕਾਰ ਸਟਾਫ ਤੋਂ ਭਰਵਾਉ।

Other Services Available:
- Pay Rolls
- Book Keeping
- Accounting
- Incorporation

For Year Round Services
Two Locations To Serve You

hm tax
THE INCOME TAX EXPERTS

3369-B Kingsway
Vancouver, B.C.
**438-3611**

#207-6330 Fraser
Vancouver, B.C.
**324-3937**

**S. & S. INSURANCE**

**6658 Main St. Vancouver**

ਪੰਜਾਬੀ ਮਾਰਕਿਟ ਵਿਚ ਸਭ ਤੋਂ ਪਹਿਲਾ ਤੇ ਭਰੋਸੇਯੋਗ ਇੰਨਸ਼ੋਰੈਂਸ ਦਫਤਰ

ਇੰਨਸ਼ੋਰੈਂਸ ਦੇ ਰੇਟ ਤਾਂ ਹਰ ਥਾਂ ਇਕੋ ਹੀ ਹਨ ... ਪਰ ਫ਼ਰਕ ਦੋਸਤੀ ਭਰੇ ਮਾਹੌਲ ਦਾ ਹੈ ... ਤੇ ਉਹ ਦੋਸਤੀ ਭਰੀ ਸੇਵਾ ਤੁਹਾਨੂੰ S & S Insurance ਤੋਂ ਹੀ ਮਿਲ ਸਕਦੀ ਹੈ। ਆਪਣੇ ਘਰਾਂ ਤੇ ਕਾਰਾਂ ਦੀ ਇੰਨਸ਼ੋਰੈਂਸ ਨਵੇਂ ਸਿਰਿਓਂ ਕਰਾਉਣ ਲਈ ਅੱਜ ਹੀ ਮਿਲੋ



ਦਲਜੀਤ ਸਿੰਘ ਸਿੱਧੂ

Autoplan
1984 INSURANCE & LICENCE

RENEW EARLY INSURANCE

* FINANCING AVAILABLE
* SAFE DRIVING DISCOUNT (if eligible)

**Ph. 324-5711**

ਗਿਫਟ ਲੈਣਾ ਨਾ ਭੁੱਲਣਾ



ਹਰਦੇਵ ਸਿੰਘ ਗਿੱਲ

# ਸਰਹੱਦ 'ਤੇ ਵਿਸ਼ੇਸ਼ ਕਮਾਂਡੋ ਦਸਤੇ ਤੈਨਾਤ

**ਚੰਡੀਗੜ੍ਹ:** ਕੇਂਦਰੀ ਗ੍ਰਹਿ ਸਕੱਤਰ ਸ੍ਰੀ ਆਰ. ਡੀ. ਪਰਧਾਨ ਨੇ ਇਥੋਂ ਪੰਜਾਬ ਦੇ ਅਮਨ ਤੇ ਕਾਨੂੰਨ ਦੀ ਸਥਿਤੀ ਦਾ ਜਾਇਜ਼ਾ ਲਿਆ ਅਤੇ ਹੁਣ ਤਕ ਪੰਜਾਬ ਵਿਚ ਵਾਪਰੀਆਂ ਵਾਰਦਾਤਾਂ ਤੇ ਅਕਾਲੀ ਮੋਰਚੇ ਸਬੰਧੀ ਮੁਕੰਮਲ ਜਾਣਕਾਰੀ ਪ੍ਰਾਪਤ ਕੀਤੀ।

ਪੰਜਾਬ ਰਾਜ ਭਵਨ ਵਿਚ ਸ੍ਰੀ ਪ੍ਰਧਾਨ ਨੇ ਰਾਜਪਾਲ ਕੇ. ਟੀ. ਸਤਾਰਾਵਾਲਾ, ਉਨ੍ਹਾਂ ਦੇ ਸਲਾਹਕਾਰ, ਗ੍ਰਹਿ ਸਕੱਤਰ ਸ੍ਰੀ ਐਨ. ਐਨ. ਵੋਹਰਾ. ਡਾਇਰੈਕਟਰ ਜਨਰਲ ਪੁਲੀਸ ਕੇ. ਐਸ. ਢਿੱਲੋਂ ਅਤੇ ਹੋਰ ਅਧਿਕਾਰੀਆ ਨਾਲ ਵੱਖ ਵੱਖ ਵਿਚਾਰ ਵਟਾਂਦਰਾ ਕੀਤਾ।

ਸਰਕਾਰੀ ਸੂਤਰਾਂ ਅਨੁਸਾਰ ਉਨ੍ਹਾਂ ਨੇ ਰਾਜ ਦੇ ਸੁਰੱਖਿਆ ਪ੍ਰਬੰਧਾਂ ਦਾ ਵੀ ਜਾਇਜ਼ਾ ਲਿਆ ਅਤੇ ਇਸ ਗੱਲ 'ਤੇ ਤਸੱਲੀ ਪ੍ਰਗਟਾਈ ਕਿ ਰਾਜ ਵਿਚ ਸਥਿਤੀ ਆਮ ਵਰਗੀ ਹੋ ਰਹੀ ਹੈ।

ਉੱਚ ਸਰਕਾਰੀ ਸੂਤਰਾਂ ਅਨੁਸਾਰ ਪਾਕਿਸਤਾਨ ਨਾਲ ਲੱਗਦੀ ਸਰਹੱਦ 'ਤੇ ਪੁਲੀਸ ਦੇ ਵਿਸ਼ੇਸ਼ ਕਮਾਂਡੋ ਦਸਤੇ ਲਾਏ ਗਏ ਹਨ ਜਿਨ੍ਹਾਂ ਦੀ ਕਮਾਂਡ ਇਕ ਡੀ. ਆਈ. ਜੀ. ਕਰ ਰਹੇ ਹਨ। ਇਨ੍ਹਾਂ ਦਸਤਿਆ ਨੂੰ ਉਨ੍ਹਾਂ ਦਹਿਸ਼ਤਪਸੰਦਾਂ ਬਾਰੇ ਨਜ਼ਰ ਰੱਖਣ ਦੀ ਵੀ ਹਦਾਇਤ ਹੈ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਫੌਜੀ ਕਾਰਵਾਈ ਸਮੇਂ ਪਾਕਿਸਤਾਨ ਚਲੇ ਗਏ ਸਨ।

ਇਨ੍ਹਾਂ ਸੂਤਰਾਂ ਅਨੁਸਾਰ ਪੰਜਾਬ ਵਿਚ ਜੂਨ 1984 ਤੋਂ ਹੁਣ ਤਕ ਨਜਾਇਜ਼ ਹਥਿਆਰਾਂ ਦੇ ਚਾਰ ਹਜ਼ਾਰ ਤੋਂ ਵਧ ਕੇਸ ਫੜੇ ਜਾ ਚੁੱਕੇ ਹਨ ਜਿਨ੍ਹਾਂ ਪਾਸੋਂ ਵੱਖ ਵੱਖ ਹਥਿਆਰ ਬਰਾਮਦ ਕੀਤੇ ਗਏ ਹਨ। ਇਹ ਕੇਸ ਵੀ ਵਿਸ਼ੇਸ਼ ਅਦਾਲਤਾਂ ਨੂੰ ਕਾਰਵਾਈ ਲਈ ਸੌਂਪ ਦਿਤੇ ਗਏ ਹਨ।

## ਸੀ. ਬੀ. ਆਈ. ਦੇ ਨਵੇਂ ਮੁਖੀ

**ਨਵੀਂ ਦਿਲੀ — (ਯੂ. ਐਨ. ਆਈ.)** — ਸ੍ਰੀ ਮੋਹਨ ਕਾਤਰੇ ਨੇ ਅੱਜ ਕੇਂਦਰੀ ਜਾਂਚ ਬਿਊਰੋ ਦੇ ਡਾਇਰੈਕਟਰ ਵਜੋਂ ਅਹੁਦਾ ਸੰਭਾਲਿਆ। ਉਨ੍ਹਾਂ ਨੇ ਇਸ ਤੋਂ ਪਹਿਲਾਂ ਸੀ. ਬੀ. ਆਈ. ਵਿਚ ਡੀ. ਆਈ. ਜੀ. ਅਤੇ ਜਾਇੰਟ ਡਾਇਰੈਕਟਰ ਵਜੋਂ ਕੰਮ ਕੀਤਾ ਹੈ।

ਸ੍ਰੀ ਕਾਤਰੇ ਪਿਛਲੇ ਸਾਢੇ ਤਿੰਨ ਸਾਲਾਂ ਤੋਂ ਮਹਾਰਾਸ਼ਟਰ ਦੇ ਸਪੈਸ਼ਲ ਆਈ. ਜੀ. (ਪੁਲੀਸ) ਸਨ।

ਲੇਪ ਦਿਤੀ ਹੈ ਖੁਸ਼ੀ ਚਿਹਰੇ 'ਤੇ,
ਫੇਰ ਇਹ ਕਿਉਂ ਉਦਾਸ ਬੈਠੇ ਨੇ ?

# ਜਗਤਾਰ ਸਿੰਘ ਅਸਲਾ ਕਾਨੂੰਨ ਅਧੀਨ ਦੋਸ਼ੀ ਕਰਾਰ

**ਨਵੀਂ ਦਿਲੀ — (ਪੀ. ਟੀ. ਆਈ.)** — ਮੈਟਰੋਪੋਲੀਟਨ ਮੈਜਿਸਟਰੇਟ ਰਾਕੇਸ਼ ਕਪੂਰ ਨੇ ਅਜ ਸ੍ਰੀਮਤੀ ਇੰਦਰਾ ਗਾਂਧੀ ਦੇ ਸੁਰੱਖਿਆ ਢਾਂਚੇ ਦੇ ਇਕ ਕਮਾਂਡੋ ਜਗਤਾਰ ਸਿੰਘ ਨੂੰ ਅਸਲਾ ਕਾਨੂੰਨ ਅਧੀਨ ਅਪਰਾਧ ਦਾ ਦੋਸ਼ੀ ਕਰਾਰ ਦਿਤਾ ਅਤੇ ਕਿਹਾ ਕਿ ਉਹ ਕਥਿਤ ਦੋਸ਼ੀ ਦੀਆਂ ਦਲੀਲਾਂ ਸੁਣਨ ਪਿਛੋਂ ਆਪਣਾ ਫੈਸਲਾ ਸੁਨਾਉਣਗੇ।

23 ਸਾਲਾ ਜਗਤਾਰ ਸਿੰਘ ਨੂੰ ਸਖਤ ਸੁਰੱਖਿਆ ਪਹਿਰੇ ਹੇਠ ਬਾਅਦ ਦੁਪਹਿਰ ਅਦਾਲਤ ਵਿਚ ਲਿਆਂਦਾ ਗਿਆ। ਸ੍ਰੀਮਤੀ ਗਾਂਧੀ ਦੀ ਹੱਤਿਆ ਤੋਂ ਤੁਰੰਤ ਪਿਛੋਂ ਪੁਲੀਸ ਲਾਈਨਜ਼ ਵਿਚਲੇ ਜਗਤਾਰ ਦੇ ਕਮਰੇ ਦੀ ਤਲਾਸ਼ੀ ਸਮੇਂ ਉਸ ਦੀ ਊਨੀ ਕਮੀਜ਼ ਦੀ ਜੇਬ ਵਿਚੋਂ ਇਕ 9 ਐਮ. ਐਮ. ਦਾ ਕਾਰਤੂਸ ਮਿਲਿਆ ਸੀ।

ਜਗਤਾਰ ਦਾ ਕਹਿਣਾ ਸੀ ਕਿ ਉਹ ਬੇਗੁਨਾਹ ਹੈ ਤੇ ਉਸ ਦੀ ਹਾਜ਼ਰੀ ਵਿਚ ਉਸ ਪਾਸੋਂ ਕੋਈ ਬ੍ਰਾਮਦਗੀ ਨਹੀਂ ਕੀਤੀ ਗਈ। ਜਗਤਾਰ ਦਾ ਕਹਿਣਾ ਸੀ ਕਿ ਅਕਤੂਬਰ ਮਹੀਨੇ ਉਸ ਨੂੰ ਊਨੀ ਮਰੀਜ਼ ਪਹਿਨਣ ਦੀ ਕੀ ਲੋੜ ਪਈ ਅਤੇ ਉਸ ਦੇ ਨਾਮ ਦੀ ਪੱਟੀ ਇਕ ਸੂਤੀ ਕਮੀਜ਼ ਨਾਲ ਲੱਗੀ ਹੋਈ ਸੀ।

ਉਸ ਦਾ ਕਹਿਣਾ ਸੀ ਕਿ ਉਸ ਨੂੰ ਝੂਠ ਮੂਠ ਦਾ ਫਸਾਇਆ ਗਿਆ ਹੈ। ਇਥੇ ਇਹ ਵਰਨਣਯੋਗ ਹੈ ਕਿ ਸਤਵੰਤ ਸਿੰਘ ਅਤੇ ਜਗਤਾਰ ਸਿੰਘ ਇਕੋ ਕਮਰੇ ਵਿਚ ਰਹਿੰਦੇ ਸਨ।

## ਬਿਮਲ ਕੌਰ ਖਾਲਸਾ ਨੇ ਕਿਹਾ ...

**ਨਵੀਂ ਦਿਲੀ — (ਪੀ. ਟੀ. ਆਈ.)** — ਜਦੋਂ ਸ੍ਰੀਮਤੀ ਇੰਦਰਾ ਗਾਂਧੀ ਦੇ ਕਾਤਲ ਬੇਅੰਤ ਸਿੰਘ ਦੀ ਪਤਨੀ ਸ੍ਰੀਮਤੀ ਬਿਮਲ ਕੌਰ ਖਾਲਸਾ ਨੂੰ ਪਤਾ ਲਗਾ ਕਿ ਉਸ ਦਾ ਪਤੀ ਕਤਲ ਵਿਚ ਸ਼ਾਮਲ ਹੈ ਤਾਂ ਉਸ ਨੇ ਕਿਹਾ "ਮੈਨੂੰ ਇਹ ਪਤਾ ਕਰਨ ਦੀ ਕੋਈ ਲੋੜ ਨਹੀਂ ਕਿ ਮੇਰਾ ਪਤੀ ਜਿਊਂਦਾ ਹੈ ਜਾਂ ਮਰ ਗਿਆ ਹੈ।

16 ਜਨਵਰੀ ਨੂੰ ਪੁਲੀਸ ਨੂੰ ਦਿਤੇ ਇਕ ਬਿਆਨ 'ਚ ਬਿਮਲ ਖਾਲਸਾ ਨੇ ਕਿਹਾ ਕਿ ਮੇਰੇ ਪਤੀ ਨੇ ਇਹ ਕਦੇ ਨਹੀਂ ਸੀ ਕਿਹਾ ਕਿ ਸ੍ਰੀਮਤੀ ਗਾਂਧੀ ਨੂੰ ਕਤਲ ਕਰਨਾ ਚਾਹੁੰਦਾ ਹੈ ਪਰ ਜੁਲਾਈ ਮਹੀਨੇ ਦੇ ਆਖਰੀ ਹਫਤੇ ਵਿਚ ਉਸ ਨੇ ਮੈਨੂੰ ਇਹ ਕਿਹਾ ਸੀ ਕਿ ਉਹ (ਬੇਅੰਤ ਸਿੰਘ) ਸ਼ਹੀਦ ਬਣਨਾ ਚਾਹੁੰਦਾ ਹੈ।

ਬਿਮਲ ਕੌਰ ਖਾਲਸਾ ਅਨੁਸਾਰ "ਜਦੋਂ ਮੈਂ ਪੁੱਛਿਆ ਕਿ ਮੇਰੇ ਬੱਚਿਆਂ ਦਾ ਕੀ ਬਣੇਗਾ ਤਾਂ ਉਸ ਨੇ ਕਿਹਾ ਕਿ ਉਨ੍ਹਾਂ ਨੂੰ ਤੂੰ ਪਾਲੇਂਗੀ ਜਾਂ ਵਾਹਿਗੁਰੂ ਪਾਲੇਗਾ।

ਬਿਮਲ ਕੌਰ ਖਾਲਸਾ ਨੇ ਇਹ ਵੀ ਕਿਹਾ ਕਿ "ਬੇਅੰਤ ਸਿੰਘ ਨੇ ਮੈਨੂੰ ਦੱਸਿਆ ਸੀ ਕਿ ਦਰਬਾਰ ਸਾਹਿਬ ਵਿਚ ਫੌਜੀ ਕਾਰਵਾਈ ਦੌਰਾਨ ਕਈ ਬੇਕਸੂਰ ਔਰਤਾਂ ਤੇ ਬੱਚੇ ਵੀ ਮਾਰੇ ਗਏ ਸਨ।"

# ਸਿੱਖ ਨੌਜਵਾਨਾਂ ਦੇ ਮੁਕੱਦਮੇ ਲੜਣ ਲਈ ਕਮੇਟੀ ਕਾਇਮ

**ਅੰਮ੍ਰਿਤਸਰ — (ਪੀ. ਟੀ. ਆਈ.)** — ਅਕਾਲੀ ਦਲ ਨੇ ਨਜ਼ਰਬੰਦ ਸਿੱਖ ਨੌਜਵਾਨਾਂ ਦੇ ਪੰਜਾਬ ਦੀਆਂ ਵਿਸ਼ੇਸ਼ ਅਦਾਲਤਾਂ 'ਚ ਕੇਸ ਲੜਣ ਲਈ ਇਕ 10 ਮੈਂਬਰੀ ਕੇਂਦਰੀ ਡਿਫੈਂਸ ਕਮੇਟੀ ਬਣਾਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟਿੰਗ ਪ੍ਰਧਾਨ ਸ੍ਰੀ ਪ੍ਰੇਮ ਸਿੰਘ ਲਾਲਪੁਰਾ ਇਸ ਕਮੇਟੀ ਦੇ ਚੇਅਰਮੈਨ ਹੋਣਗੇ ਜਦੋਂ ਕਿ ਸ੍ਰੀ ਮਹਿੰਦਰ ਸਿੰਘ ਸਾਈਆਂਵਾਲਾ ਸਾਬਕਾ ਐਮ. ਪੀ. ਇਸ ਦੇ ਕਨਵੀਨਰ ਹੋਣਗੇ।

ਇਹ ਕਮੇਟੀ ਵਕੀਲ ਕਰਨ ਤੇ ਮਾਲੀ ਮਦਦ ਲਈ ਨਜ਼ਰਬੰਦ ਸਿੱਖ ਨੌਜਵਾਨਾਂ ਤੇ ਉਨ੍ਹਾ ਤੇ ਰਿਸ਼ਤੇਦਾਰਾਂ ਨਾਲ ਸੰਪਰਕ ਕਰੇਗੀ। ਇਹ ਕਮੇਟੀ ਅਕਾਲੀ ਦਲ ਵਲੋਂ ਪਿਛਲੇ ਸਾਲ ਦਸੰਬਰ ਮਹੀਨੇ ਦੌਰਾਨ ਉਘੇ ਵਕੀਲਾਂ ਦੀ ਬਣਾਈ ਡਿਫੈਂਸ ਕਮੇਟੀ ਤੋਂ ਵੱਖਰੀ ਹੈ।

ਸੈਂਟਰਲ ਡਿਫੈਂਸ ਕਮੇਟੀ ਪਟਿਆਲਾ, ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਹੁਸ਼ਿਆਰਪੁਰ, ਬਠਿੰਡਾ, ਫਿਰੋਜ਼ਪੁਰ ਤੇ ਚੰਡੀਗੜ੍ਹ ਦੀਆਂ ਵਿਸ਼ੇਸ਼ ਅਦਾਲਤਾਂ 'ਚ ਸਿੱਖ ਨੌਜਵਾਨਾਂ ਦੇ ਕੇਸ ਲੜਨ ਲਈ ਇਕ ਇਕ ਸੀਨੀਅਰ ਵਕੀਲ ਕਰੇਗੀ।

# ਏਕੀਕਰਨ ਦੀ ਮੰਗ ਰਾਜੀਵ ਦੀ ਸ਼ਹਿ 'ਤੇ — ਸ਼ਾਂਤਾ ਕੁਮਾਰ

ਧਰਮਸ਼ਾਲਾ — ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁਖ ਮੰਤਰੀ ਸ਼ਾਂਤਾ ਕੁਮਾਰ ਨੇ ਆਪਣੇ ਇਸ ਦੋਸ਼ ਨੂੰ ਦੁਹਰਾਇਆ ਹੈ ਕਿ ਹਾਕਮ ਕਾਂਗਰਸ (ਆਈ) ਹਿਮਾਚਲ ਪ੍ਰਦੇਸ਼ ਨੂੰ ਪੰਜਾਬ ਤੇ ਹਰਿਆਣਾ ਨਾਲ ਮਿਲਾਉਣ ਦਾ ਫੈਸਲਾ ਪਹਿਲਾਂ ਹੀ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਹਿਮਾਚਲ ਦੇ ਮੁਖ ਮੰਤਰੀ ਸ੍ਰੀ ਵੀਰ ਭੱਦਰ ਸਿੰਘ ਏਕੀਕਰਨ ਦੀ ਇਸ ਸਾਜਸ਼ ਵਿਚ ਸ਼ਰੀਕ ਹਨ ਅਤੇ ਉਪਰੋਕਤ ਫੈਸਲੇ 'ਤੇ ਅਮਲ ਰਾਜ ਵਿਧਾਨ ਸਭਾ ਦੀਆਂ ਚੋਣਾਂ ਪਿਛੋਂ ਕੀਤਾ ਜਾਵੇਗਾ। ਇਥੇ ਇਕ ਚੋਣ ਜਲਸੇ ਨੂੰ ਸੰਬੋਧਨ ਕਰਦਿਆਂ ਸ੍ਰੀ ਸ਼ਾਂਤਾ ਕੁਮਾਰ ਨੇ ਕਿਹਾ ਕਿ ਹਰਿਆਣਾ ਦੇ ਮੁਖ ਮੰਤਰੀ ਭਜਨ ਲਾਲ ਨੇ ਤਿੰਨ ਰਾਜਾਂ ਦੇ ਏਕੀਕਰਨ ਦੀ ਮੰਗ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਸ਼ਹਿ 'ਤੇ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਅਕਾਲੀਆਂ ਨੂੰ ਖੁਸ਼ ਕਰਨ ਲਈ ਤਿੰਨ ਰਾਜਾਂ ਨੂੰ ਮਿਲਾਉਣਾ ਚਾਹੁੰਦੇ ਹਨ।

ਉਨ੍ਹਾਂ ਹਿਮਾਚਲ ਪ੍ਰਦੇਸ਼ ਦੇ ਲੋਕਾਂ ਨੂੰ ਕਿਹਾ ਕਿ ਉਹ ਹਿਮਾਚਲ ਦੇ ਗੁਆਂਢੀ ਰਾਜਾਂ ਨਾਲ ਰੇਲਵੇ ਦਾ ਤਿੱਖਾ ਵਿਰੋਧ ਕਰਨ ਅਤੇ ਹਾਕਮ ਪਾਰਟੀ ਦੇ ਇਰਾਦਿਆਂ ਨੂੰ ਨਾਕਾਮ ਬਣਾ ਦੇਣ।


GURU BAZAAR
6529 Main St. (49th Ave.)
Vancouver, B.C.
Ph: 327-4422







SALE

Printed Crepe De Chine
2 Suits For
$16.00

Plain King Palace
4 Yards For $9.99

SALE

ਚੈਸਟਰਫੀਲਡ ਦੇ ਕਵਰ
ਰਜਾਈਆਂ ਦੇ ਗਿਲਾਫਾਂ ਵਾਸਤੇ ਨਵੀਂ ਸ਼ਿਪਮਿੰਟ ਪਹੁੰਚ ਚੁੱਕੀ ਹੈ







ROKKO SAREES & FABRICS
6201 Fraser St.(46th Ave.)
Vancouver, B.C.
Ph: 327-3033

# 7 ਵਜ਼ੀਰਾਂ ਦੀ ਹਾਰ ਮਗਰੋਂ ਜ਼ਿਆ ਵਲੋਂ ਆਪਣੀ ਵਜ਼ਾਰਤ ਭੰਗ

ਇਸਲਾਮਾਬਾਦ — ਪਾਕਿਸਤਾਨ ਦੇ ਫੌਜੀ ਰਾਸ਼ਟਰਪਤੀ ਜਨਰਲ ਜ਼ਿਆ-ਉਲ-ਹੱਕ ਨੇ ਕੌਮੀ ਚੋਣਾਂ 'ਚ ਆਪਣੇ ਸੱਤ ਮੰਤਰੀਆਂ ਦੀ ਹੋਈ ਹਾਰ ਨੂੰ ਧਿਆਨ 'ਚ ਰੱਖਦਿਆਂ ਆਪਣੀ ਵਜ਼ਾਰਤ ਭੰਗ ਕਰ ਦਿੱਤੀ। ਆਪਣੇ ਅੱਠ ਸਾਲਾ ਫੌਜੀ ਰਾਜ 'ਚ ਜਨਰਲ ਜ਼ਿਆ ਵਲੋਂ ਆਪਣੀ ਵਜ਼ਾਰਤ ਭੰਗ ਕਰਨ ਦਾ ਇਹ ਪਹਿਲਾ ਮੌਕਾ ਹੈ।

ਇਥੇ ਜਾਰੀ ਕੀਤੇ ਇਕ ਪ੍ਰੈਸ ਬਿਆਨ 'ਚ ਕਿਹਾ ਗਿਆ ਹੈ ਕਿ ਇਹ ਫੈਸਲਾ ਲੋਕ ਹਿਤਾਂ ਨੂੰ ਧਿਆਨ 'ਚ ਰੱਖਦਿਆਂ ਕੀਤਾ ਗਿਆ ਹੈ। ਚੋਣ ਹਾਰਨ ਵਾਲੇ ਮੰਤਰੀਆਂ 'ਚ ਮੀਰ ਅਲੀ ਅਹਿਮਦ ਤਾਲਪੁਰ(ਰਖਿਆ), ਰਾਜਾ ਜ਼ਫਰ-ਉਲ-ਹੱਕ(ਸੂਚਨਾ), ਅਰਬਾਬ ਨਿਆਜ਼(ਕਿਰਤ), ਗੁਲਾਮ ਦਸਤਗੀਰ ਖਾਨ(ਸਮਾਜ ਭਲਾਈ), ਮਹਿਮੂਦ ਅਲੀ (ਰਾਜ ਮੰਤਰੀ) ਤੇ ਰਾਜਾ ਸਿਕੰਦਰ ਜ਼ਮਾਂ (ਪਾਣੀ ਤੇ ਬਿਜਲੀ) ਸ਼ਾਮਲ ਹਨ।

ਚੋਣ ਲੜਨ ਵਾਲੇ ਫੈਡਰਲ ਮੰਤਰੀਆਂ ਵਿਚੋਂ ਅਬਦੁਲ ਗਫੂਰ ਹੋਤੀ (ਰੇਲਵੇ) ਤੇ ਮੋਹੀਉਦੀਨ ਬਲੋਚ(ਸੰਚਾਰ) ਆਪਣੇ ਵਿਰੋਧੀ ਉਮੀਦਵਾਰਾਂ ਤੋਂ ਥੋੜੀਆਂ ਵੋਟਾਂ ਦੇ ਫਰਕ ਨਾਲ ਜਿੱਤੇ। ਦੋ ਮੰਤਰੀ ਇਲਾਹੀ ਬਖਸ਼ ਸੋਮਰੂ(ਸਨਅਤਾਂ) ਤੇ ਜ਼ਫਰਉਲਾ ਖਾਨ ਜਮਾਲੀ (ਸਥਾਨਕ ਸਰਕਾਰ) ਬਿਨਾਂ ਮੁਕਾਬਲਾ ਜਿੱਤ ਗਏ ਸਨ। ਪਰ ਰਾਸ਼ਟਰਪਤੀ ਜ਼ਿਆ ਦਾ ਅੰਦਰੂਨੀ ਵਪਾਰ ਬਾਰੇ ਸਲਾਹਕਾਰ ਇਸ਼ਰਤ ਅਲੀ ਵੀ ਇਨ੍ਹਾਂ ਚੋਣਾਂ 'ਚ ਹਾਰ ਗਿਆ।

ਪਾਕਿਸਤਾਨ ਦੀਆਂ ਇਨ੍ਹਾਂ ਆਮ ਚੋਣਾਂ, ਦਾ ਪਾਬੰਦੀਸ਼ੁਦਾ ਪਾਰਟੀਆਂ ਨੇ ਬਾਈਕਾਟ ਕੀਤਾ ਸੀ ਕਿਉਂਕਿ ਜਨਰਲ ਜ਼ਿਆ ਨੇ ਸ਼ਰਤ ਰਖੀ ਸੀ ਕਿ ਕੇਵਲ ਪਾਰਟੀ ਰਹਿਤ ਉਮੀਦਵਾਰ ਹੀ ਇਨ੍ਹਾਂ ਚੋਣਾਂ 'ਚ ਭਾਗ ਲੈ ਸਕਦੇ ਹਨ। ਚੋਣ ਰਾਜਸੀ ਸਰਗਰਮੀਆਂ ਉਤੇ ਅਸਿੱਧੇ ਤੌਰ ਤੇ ਪੂਰੀ ਤਰ੍ਹਾਂ ਪਾਬੰਦੀ ਲਾਈ ਹੋਈ ਸੀ। ਜਨਰਲ ਜ਼ਿਆ ਦੇ ਬਹੁਤ ਸਾਰੇ ਸਮਰਥਕ, ਜਿਨ੍ਹਾਂ 'ਚ ਸਾਬਕਾ ਮੰਤਰੀ ਰਾਓ ਫਰਮਾਨ ਅਲੀ ਤੇ ਮਜਲਿਸ-ਏ-ਸ਼ੂਰਾ ਦੇ ਕਈ ਮੈਂਬਰ ਸ਼ਾਮਲ ਹਨ, ਚੋਣ ਹਾਰ ਗਏ ਹਨ। ਜਲ ਸੈਨਾ ਦੇ ਸਾਬਕਾ ਮੁਖੀ ਐਡਮਿਰਲ ਕਰਾਮਾਤ ਨਿਆਜ਼ੀ ਇਸਲਾਮਾਬਾਦ ਦੇ ਏਰੀਏ 'ਚ ਪੀਪਲਜ਼ ਪਾਰਟੀ ਦੇ ਇਕ ਵਰਕਰ ਨਿਆਜ਼ੀ ਦੇ ਮੁਕਾਬਲੇ ਚੌਥੇ ਨੰਬਰ ਉਤੇ ਰਹੇ। ਪਾਕਿਸਤਾਨ ਦੇ 37 ਸਾਲਾ ਇਤਿਹਾਸ ਵਿਚ ਇਹ ਤੀਜੀਆਂ ਆਮ ਚੋਣਾਂ ਹਨ।

ਰਾਜਸੀ ਦਰਸ਼ਕਾਂ ਦੇ ਵਿਚਾਰ ਅਨੁਸਾਰ ਪਿਛਲੇ 19 ਦਸੰਬਰ ਨੂੰ ਜਨਰਲ ਜ਼ਿਆ ਦੀਆਂ ਇਸਲਾਮੀ ਨੀਤੀਆਂ ਬਾਰੇ ਕਰਵਾਏ ਲੋਕਮਤ 'ਚ ਬਹੁਤ ਘੱਟ ਲੋਕਾਂ ਦੇ ਹਿਸਾ ਲੈਣ ਤੇ ਇਨ੍ਹਾਂ ਚੋਣਾਂ 'ਚ ਜਮਾਤ-ਏ-ਇਸਲਾਮੀ ਦਾ ਲਗਭਗ ਸਫਾਇਆ ਹੋਣ ਤੋਂ ਇਹ ਜਾਪਦਾ ਹੈ ਕਿ ਇਸਲਾਮੀ ਕੱਟੜਵਾਦੀਆਂ ਦੀ ਇਹ ਵੱਡੀ ਹਾਰ ਹੈ। ਦੂਜੇ ਪਾਸੇ ਮੁਸਲਿਮ ਲੀਗ(ਪਗਾਰਾ ਧੜੇ) ਨੇ ਜਮਾਤ-ਏ-ਇਸਲਾਮੀ ਦੇ ਮੁਕਾਬਲੇ ਆਪਣੀ ਸ਼ਕਤੀ ਦਾ ਚੰਗਾ ਪ੍ਰਦਰਸ਼ਨ ਕਰਕੇ ਰਾਜਸੀ ਹਲਕਿਆਂ ਨੂੰ ਹੈਰਾਨ ਕਰ ਦਿੱਤਾ ਹੈ। ਦੇਸ਼ ਦੀਆਂ ਇਹ ਸਿਰਫ ਦੋ ਹੀ ਅਜਿਹੀਆਂ ਰਾਜਸੀ ਪਾਰਟੀਆਂ ਹਨ ਜਿਹੜੀਆਂ ਜਨਰਲ ਜ਼ਿਆ ਦੀਆਂ ਭਾਈਵਾਲ ਚਲੀਆਂ ਆ ਰਹੀਆਂ ਹਨ।

ਲੋਕ ਰਾਜ ਦੀ ਬਹਾਲੀ ਲਈ ਗਿਆਰਾਂ ਪਾਰਟੀ ਮੁਹਾਜ਼ ਨੇ ਇਨ੍ਹਾਂ ਚੋਣਾਂ ਦਾ ਮੁਕੰਮਲ ਬਾਈਕਾਟ ਕੀਤਾ। ਪਰ ਇਨ੍ਹਾਂ ਪਾਰਟੀਆਂ ਦੇ ਵਰਕਰਾਂ ਨੇ ਫੈਡਰਲ ਮੰਤਰੀਆਂ ਦੀ ਹਾਰ ਯਕੀਨੀ ਬਨਾਉਣ ਲਈ ਸਰਗਰਮੀ ਨਾਲ ਕੰਮ ਕੀਤਾ। ਪਰ ਪਿਛਲੇ ਸਾਲ ਦਸੰਬਰ ਮਹੀਨੇ ਦੌਰਾਨ ਜਨਰਲ ਜ਼ਿਆ ਵਲੋਂ ਕਰਵਾਏ ਗਏ ਵਾਦ-ਵਿਵਾਦ ਪੂਰਨ ਲੋਕਮਤ ਦੇ ਮੁਕਾਬਲੇ ਇਹ ਚੋਣਾਂ ਵਧ ਜਥੇਬੰਦਕ ਢੰਗ ਨਾਲ ਕਰਾਈਆਂ ਗਈਆਂ।

# ਸੇਠ ਰਾਮ ਨਾਥ ਭੁੱਖ ਹੜਤਾਲ ਕਰਨਗੇ ਦਲ ਤੋਂ ਆਗਿਆ ਮੰਗੀ

**ਜੈਤੋ — (ਪੱਤਰ ਪ੍ਰੇਰਕ) —** ਪੰਜਾਬੀ ਰਿਜਨਲ ਕਮੇਟੀ ਦੇ ਸਾਬਕਾ ਚੇਅਰਮੈਨ ਤੇ ਬਜ਼ੁਰਗ ਕਾਂਗਰਸੀ ਨੇਤਾ ਸੇਠ ਰਾਮ ਨਾਥ, ਸਾਬਕਾ ਵਜ਼ੀਰ ਨੇ ਅਕਾਲੀ ਦਲ ਤੋਂ ਆਗਿਆ ਮੰਗੀ ਹੈ ਕਿ ਪੰਜਾਬ ਦੀਆਂ ਮੰਗਾਂ ਮਨਾਉਣ ਬਾਰੇ ਉਨ੍ਹਾਂ ਨੂੰ ਭੁੱਖ ਹੜਤਾਲ ਰੱਖਣ ਦੀ ਪ੍ਰਵਾਨਗੀ ਦਿਤੀ ਜਾਵੇ। ਉਹ ਇਥੇ ਗੁਰਦੁਆਰਾ ਟਿੱਬੀ ਸਾਹਿਬ ਵਿਖੇ ਬੀਤੇ ਦਿਨ ਸ਼ਹੀਦੀ ਜੋੜ ਮੇਲੇ 'ਤੇ ਬੋਲ ਰਹੇ ਸਨ ਸੇਠ ਰਾਮ ਨਾਥ ਨੇ ਦੋਸ਼ ਲਾਇਆ ਕਿ ਦਿੱਲੀ ਅਤੇ ਹੋਰ ਥਾਵਾਂ ਉਪਰ ਸਿਖਾਂ ਉਪਰ ਅਥਾਹ ਤਸ਼ੱਦਦ ਕੀਤਾ ਗਿਆ। ਇਥੋਂ ਤੱਕ ਕਿ ਮਾਸੂਮ ਬੱਚਿਆਂ ਤੇ ਔਰਤਾਂ ਨੂੰ ਵੀ ਬਖਸ਼ਿਆ ਨਹੀਂ ਗਿਆ। ਪ੍ਰੰਤੂ ਕੇਂਦਰ ਸਰਕਾਰ ਤੇ ਸਬੰਧਤ ਰਾਜ ਸਰਕਾਰਾਂ ਚੁੱਪ ਹੀ ਰਹੀਆਂ। ਉਨ੍ਹਾਂ ਕਿਹਾ "ਜਦੋਂ ਮੈਂ ਇਹ ਹਿੰਸਕ ਕਾਰਵਾਈਆਂ ਵੇਖੀਆਂ ਤਾਂ ਮੈਨੂੰ ਹੰਝੂ ਆ ਗਏ ਤੇ ਚੱਕਰ ਖਾ ਕੇ ਡਿੱਗ ਪਿਆ ਕਿਉਂਕਿ ਕਿ ਅਜਿਹੀਆਂ ਹਿੰਸਕ ਕਾਰਵਾਈਆਂ ਤਾਂ ਹਿੰਦ ਪਾਕਿ ਵੰਡ ਦੌਰਾਨ ਵੀ ਨਹੀਂ ਵੇਖੀਆਂ ਸਨ।

ਉਨ੍ਹਾਂ ਮੰਗ ਕੀਤੀ ਕਿ ਘਟਨਾਵਾਂ ਦੀ ਉਚ ਪੱਧਰੀ ਜਾਂਚ ਕਰਵਾਈ ਜਾਵੇ ਤੇ ਦੋਸ਼ੀ ਵਿਅਕਤੀਆਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦਿੱਤੀਆਂ ਜਾਣ।

# ਐਸ. ਕੇ. ਸਿੰਘ ਪਾਕਿ 'ਚ ਨਵੇਂ ਭਾਰਤੀ ਸਫੀਰ

**ਨਵੀਂ ਦਿਲੀ — (ਯੂ. ਐਨ. ਆਈ.) —** ਵੀਆਨਾ ਵਿਚਲੇ ਭਾਰਤੀ ਰਾਜਦੂਤ ਸ੍ਰੀ ਐਸ. ਕੇ. ਸਿੰਘ ਨੂੰ ਪਾਕਿਸਤਾਨ ਵਿਚ ਭਾਰਤ ਦਾ ਨਵਾਂ ਰਾਜਦੂਤ ਨਿਯੁਕਤ ਕੀਤਾ ਗਿਆ ਹੈ।

ਸ੍ਰੀ ਐਸ. ਕੇ. ਸਿੰਘ ਕੇ. ਡੀ. ਸ਼ਰਮਾ ਦੀ ਥਾਂ ਲੈਣਗੇ ਜਿਨ੍ਹਾਂ ਨੇ ਪਾਕਿਸਤਾਨ ਵਿਚ ਭਾਰਤੀ ਰਾਜਦੂਤ ਵਜੋਂ ਆਪਣਾ ਕਾਰਜ ਕਾਲ ਮੁਕੰਮਲ ਕਰ ਲਿਆ ਹੈ। ਪਤਾ ਲਗਾ ਹੈ ਕਿ ਸ੍ਰੀ ਸ਼ਰਮਾ ਨੂੰ ਵੀ ਨਵਾਂ ਅਹੁਦਾ ਦਿਤਾ ਜਾ ਰਿਹਾ ਹੈ।

ਕੋਈ ਕਾਰੀਗੀਰੀ ਦਿਖਾ ਜਾਓ,
ਇਕ ਥਾਂ ਨੌਹ ਤੇ ਮਾਸ ਬੈਠੇ ਨੇ।




ਜਨਰਲ ਜ਼ਿਆ ਨੇ ਮੰਤਰੀ ਮੰਡਲ ਭੰਗ ਕਰ ਦਿਤਾ-ਇਕ ਖਬਰ

# ਸਿੱਖ ਵਕੀਲਾਂ ਨੇ ਦੰਗਿਆਂ ਲਈ ਰਾਜੀਵ ਨੂੰ ਦੋਸ਼ੀ ਦੱਸਿਆ

**ਲੁਧਿਆਣਾ — (ਵਿਸ਼ੇਸ਼ ਪ੍ਰਤੀਨਿਧ) —** ਪੰਜਾਬ ਅਤੇ ਚੰਡੀਗੜ੍ਹ ਦੇ ਸਿੱਖ ਵਕੀਲਾਂ ਦੀ ਕਲ ਇਥੇ ਹੋਈ ਕਨਵੈਨਸ਼ਨ ਵਿਚ ਕੌਂਸਲ ਆਫ ਸਿੱਖ ਲਾਅਰਜ਼, ਪੰਜਾਬ ਅਤੇ ਚੰਡੀਗੜ੍ਹ ਦੀ ਸਥਾਪਨਾ ਕੀਤੀ ਗਈ। ਲੁਧਿਆਣਾ ਦੇ ਮੇਵਾ ਸਿੰਘ ਗਿੱਲ ਐਡਵੋਕੇਟ ਨੂੰ ਇਸ ਦਾ ਕਨਵੀਨਰ ਥਾਪਿਆ ਗਿਆ ਹੈ।

ਕੌਂਸਲ ਨੇ ਇਕ ਮਤੇ ਵਿਚ ਕਿਹਾ ਕਿ ਪੀ. ਯੂ. ਡੀ. ਆਰ., ਪੀ. ਯੂ. ਸੀ. ਐਲ. ਅਤੇ ਸੀ. ਐਫ. ਡੀ. ਵਲੋਂ ਉਘੇ ਕਾਨੂੰਨਦਾਨਾਂ ਅਤੇ ਅਹਿਮ ਵਿਅਕਤੀਆਂ ਦੀ ਅਗਵਾਈ ਵਿਚ ਕਾਇਮ ਕੀਤੀਆ ਗਈਆਂ ਤਿੰਨ ਜਾਂਚ ਕਮੇਟੀਆਂ ਦੀ ਜਾਂਚ ਤੋਂ ਇਹ ਗੱਲ ਸ਼ੱਕੋਂ ਪਰੇ ਸਿੱਧ ਹੋ ਗਈ ਹੈ ਕਿ ਦਿੱਲੀ ਅਤੇ ਦੇਸ਼ ਦੇ ਦੂਸਰੇ ਭਾਗਾਂ ਵਿਚ ਕੀਤਾ ਗਿਆ ਕਤਲੇਆਮ ਮੁਢਲੇ ਤੌਰ 'ਤੇ ਰਾਜੀਵ ਸਰਕਾਰ ਦਾ ਕਾਰਨਾਮਾ ਸੀ। ਅਜਿਹਾ ਲਗਦਾ ਹੈ ਕਿ ਕੇਂਦਰ ਸਰਕਾਰ ਨੇ ਇਨ੍ਹਾਂ ਰਿਪੋਰਟਾਂ ਨੂੰ ਪਰਵਾਨ ਕਰ ਲਿਆ ਹੈ ਕਿਉਂ ਕਿ ਸਰਕਾਰ ਨੇ ਇਨ੍ਹਾਂ ਨੂੰ ਚੈਲਿੰਜ ਨਹੀਂ ਕੀਤਾ।

ਸਿੱਖ ਵਕੀਲਾਂ ਨੇ ਭਾਰਤੀ ਸਮਾਜ ਦੇ ਲੋਕਰਾਜੀ ਤੇ ਧਰਮ ਨਿਰਪੱਖ ਅਸੂਲਾਂ ਨੂੰ ਕਾਇਮ ਰਖਣ ਲਈ ਜਾਂਚਜ ਕਮੇਟੀਆਂ ਵਲੋਂ ਕੀਤੇ ਗਏ ਸ਼ਾਨਦਾਰ ਕੰਮ ਦੀ ਸਰਾਹਨਾ ਕੀਤੀ ਅਤੇ ਕਿਹਾ ਕਿ ਕੇਂਦਰ ਸਰਕਾਰ, ਇਸਦੇ ਮੁਲਾਜ਼ਮਾਂ ਅਤੇ ਕਾਂਗਰਸ (ਇੰ) ਦੇ ਸਰਗਰਮ ਮੈਂਬਰਾਂ ਦੇ ਦੰਗਿਆਂ ਵਿਚ ਸ਼ਾਮਲ ਹੋਣ ਨਾਲ ਲੋਕਰਾਜੀ ਤੇ ਨਿਰਪੱਖ ਸਿਧਾਂਤ ਖੇਰੂੰ ਖੇਰੂੰ ਹੋ ਗਏ ਸਨ।

ਕੌਂਸਲ ਨੇ ਮੰਗ ਕੀਤੀ ਕਿ ਸ੍ਰੀ ਹਰੀ ਕਿਸ਼ਨ ਲਾਲ ਭਗਤ ਅਤੇ ਸਰਕਾਰ ਤੇ ਕਾਂਗਰਸ ਦੇ ਦੂਸਰੇ ਅਹਿਮ ਮੈਂਬਰ ਤੇ ਉਨ੍ਹਾਂ ਦੇ ਮੁਲਾਜ਼ਮ ਜਿਨ੍ਹਾਂ ਉਤੇ ਇਨ੍ਹਾਂ ਰਿਪੋਰਟਾਂ ਵਿਚ ਦੋਸ਼ ਲਗਾਏ ਗਏ ਹਨ, ਨੂੰ ਅਹੁਦਿਆ ਤੋਂ ਹਟਾਇਆ ਜਾਵੇ ਅਤੇ ਜਾਂਚ ਏਜੰਸੀਆਂ ਨੂੰ ਸੌਂਪਿਆ ਜਾਵੇ ਨਹੀਂ ਤਾਂ ਇਹ ਦੋਸ਼ ਸਹੀ ਮੰਨਿਆ ਜਾਵੇਗਾ ਕਿ ਇਸ ਕਤਲੇਆਮ ਲਈ ਖੁਦ ਸ੍ਰੀ ਗਾਂਧੀ ਜ਼ਿੰਮੇਂਵਾਰ ਹਨ।

ਕੌਂਸਲ ਨੇ ਅਕਾਲੀ ਦਲ ਲੀਡਰਸ਼ਿਪ ਨੂੰ ਅਪੀਲ ਕੀਤੀ ਕਿ ਉਹ ਸਿੱਖਾਂ ਦੇ ਕਤਲੇਆਮ ਦੇ ਦੋਸ਼ੀਆਂ ਨੂੰ ਫੜੇ ਜਾਣ ਤੋਂ ਬਿਨਾਂ ਕੇਂਦਰ ਨਾਲ ਕੋਈ ਗਲਬਾਤ ਨਾ ਕਰਨ।

# ਕੇਂਦਰ ਪੰਜਾਬ ਬਾਰੇ ਹੱਲ ਲਈ ਸੁਹਿਰਦ ਨਹੀਂ — ਰਾਮੂਵਾਲੀਆ —

**ਬਰਨਾਲਾ — (ਪੱਤਰ ਪ੍ਰੇਰਕ) —** ਅਕਾਲੀ ਆਗੂ ਤੇ ਸਾਬਕ ਮੈਂਬਰ ਪਾਰਲੀਮੈਂਟ ਬਲਵੰਤ ਸਿੰਘ ਰਾਮੂਵਾਲੀਆ ਦਾ ਵਿਚਾਰ ਹੈ ਕਿ ਪੰਜਾਬ ਸਮੱਸਿਆ ਦੇ ਹੱਲ ਦੇ ਰਾਹ ਵਿਚ ਅੜਿਕਾ ਕੇਂਦਰ ਸਰਕਾਰ ਦਾ ਜਬਰ ਤੇ ਤਸ਼ੱਦਦ ਭਰਿਆ ਵਤੀਰਾ ਹੈ। ਕੇਂਦਰੀ ਸਰਕਾਰ ਦੇ ਆਗੂ ਇਕ ਪਾਸੇ ਗੱਲਬਾਤ ਕਰਨ ਦੀਆਂ ਗੱਲਾਂ ਕਰਦੇ ਹਨ ਤੇ ਦੂਜੇ ਪਾਸੇ ਸਿੱਖਾਂ, ਵਿਸ਼ੇਸ਼ ਕਰਕੇ ਨੌਜਵਾਨਾਂ ਨੂੰ ਝੂਠੇ ਮੁਕਾਬਲਿਆਂ, ਮੁਕੱਦਮਿਆਂ ਤੇ ਸਿੱਖ ਫੌਜੀਆਂ ਨੂੰ ਕੋਰਟ ਮਾਰਸ਼ਲਾਂ ਦਾ ਸ਼ਿਕਾਰ ਬਣਾ ਰਹੇ ਹਨ।

ਸ੍ਰੀ ਰਾਮੂਵਾਲੀਆ ਦਾ ਕਹਿਣਾ ਹੈ ਕਿ ਅਕਾਲੀ ਮੋਰਚਾ ਪੰਜਾਬ ਦੀਆਂ ਮੰਗਾਂ ਲਈ ਸ਼ੁਰੂ ਕੀਤਾ ਗਿਆ ਸੀ, ਪਰ ਸਰਕਾਰ ਦੇ ਜਬਰ ਨੇ ਸਮੱਸਿਆ ਨੂੰ ਸਿੱਖ ਮਸਲਾ ਬਣਾ ਦਿਤਾ ਹੈ। ਅਕਾਲੀ ਮੋਰਚਾ ਸ਼ੁਰੂ ਹੋਣ ਸਮੇਂ ਧਾਰਮਿਕ ਮੰਗਾਂ ਕੇਵਲ ਚਾਰ ਸਨ — ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਕਰਾਰ ਦੇਣਾ, ਗੁਰਬਾਣੀ ਦਾ ਰੇਡੀਓ ਉਤੇ ਦਰਬਾਰ ਸਾਹਿਬ ਤੋਂ ਸਿਧਾ ਪ੍ਰਸਾਰਣ, ਆਲ ਇੰਡੀਆ, ਗੁਰਦੁਆਰਾ ਐਕਟ ਤੇ ਕਿਰਪਾਨ ਪਹਿਨ ਕੇ ਹਵਾਈ ਸਫਰ ਦੀ ਆਗਿਆ। ਬਾਕੀ ਸਭ ਮੰਗਾਂ ਸਮੁਚੇ ਪੰਜਾਬੀਆਂ ਦੀਆਂ ਸਨ ਜਿਵੇਂ ਕਿ ਖੇਤੀ ਲਈ ਪੂਰਾ ਨਹਿਰੀ ਪਾਣੀ, ਚੰਡੀਗੜ੍ਹ ਤੇ ਹੋਰ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਨ, ਸਨਅਤ ਤੇ ਖੇਤੀ ਲਈ ਪੂਰੀ ਬਿਜਲੀ ਵਾਸਤੇ ਡੈਮਾਂ ਦਾ ਪਰਬੰਧ, ਰਾਜਾਂ ਨੂੰ ਵਧ ਅਧਿਕਾਰ ਆਦਿ।

ਅਕਾਲੀ ਆਗੂ ਨੇ ਦੋਸ਼ ਲਾਇਆ ਕਿ ਸਰਕਾਰ ਪੰਜਾਬ ਦੀ ਸਮੱਸਿਆ ਸੁਲਝਾਉਣ ਲਈ ਸੰਜੀਦਾ ਨਹੀਂ, ਸਗੋਂ ਉਸ ਦਾ ਵਤੀਰਾ ਲਮਕਾਉਣ ਤੇ ਥਕਣ ਵਾਲਾ ਹੈ।

# 3300 ਸਿੱਖ ਪਰਿਵਾਰ ਘਰੀਂ ਪਰਤੇ

**ਚੰਡੀਗੜ੍ਹ — (ਪੀ. ਟੀ. ਆਈ.) —** ਪੰਜਾਬ 'ਚ ਬਾਹਰੋਂ ਆਏ ਲਗਭਗ 3300 ਸਿੱਖ ਪਰਿਵਾਰ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਆਪਣੇ ਘਰਾਂ ਨੂੰ ਪਰਤ ਗਏ ਹਨ।

ਇਹ ਜਾਣਕਾਰੀ ਪੰਜਾਬ ਸਰਕਾਰ ਦੇ ਇਕ ਬੁਲਾਰੇ ਨੇ ਇਥੇ ਦਿਤੀ।

ਬੁਲਾਰੇ ਨੇ ਦਸਿਆ ਕਿ ਰਾਜ ਸਰਕਾਰਾਂ ਦੇ ਸਾਂਝੇ ਯਤਨਾਂ ਨਾਲ ਸਿੱਖ ਆਪਣੇ ਆਪਣੇ ਘਰਾਂ ਨੂੰ ਪਰਤਣੇ ਸ਼ੁਰੂ ਹੋਏ ਹਨ। ਦੂਜੀਆਂ ਰਾਜ ਸਰਕਾਰਾਂ ਨੇ ਆਪਣੇ ਸੀਨੀਅਰ ਅਫਸਰਾਂ ਨੂੰ ਪੰਜਾਬ ਵਿਚ ਭੇਜਿਆ ਜਿਨ੍ਹਾਂ ਨੇ ਸਿੱਖਾਂ ਨੂੰ ਸੁਰੱਖਿਆ ਦਾ ਭਰੋਸਾ ਦਿੱਤਾ।

ਉਨ੍ਹਾਂ ਦਸਿਆ ਕਿ ਹੁਣ ਤਕ ਲਗਭਗ 60 ਪ੍ਰਤੀਸ਼ਤ ਸਿੱਖ ਪਰਿਵਾਰ ਵਾਪਸ ਪਰਤ ਗਏ ਹਨ।

**ਸ਼ਿਮਲਾ — (ਯੂ. ਐਨ. ਆਈ.) —** ਇੰਦਰਾ ਗਾਂਧੀ ਹੱਤਿਆ ਕਾਂਡ ਤੋਂ ਪਿਛੋਂ ਦੰਗਿਆਂ ਦੌਰਾਨ ਇਥੋਂ ਪੰਜਾਬ ਨੂੰ ਗਏ ਲਗਭਗ ਸਾਰੇ ਸਿੱਖ ਆਪਣੇ ਆਪਣੇ ਘਰਾਂ ਨੂੰ ਪਰਤ ਆਏ ਹਨ।

ਇਹ ਜਾਣਕਾਰੀ ਸਮਾਜ ਭਲਾਈ ਰਾਜ ਮੰਤਰੀ ਸ੍ਰੀ ਰੰਗੀਲਾ ਰਾਮ ਰਾਓ ਨੇ ਦਿੱਤੀ।

ਉਨ੍ਹਾਂ ਕਿਹਾ ਕਿ ਜਿਨ੍ਹਾਂ ਦੀ ਸੰਪਤੀ ਦਾ ਨੁਕਸਾਨ ਹੋਇਆ ਸੀ ਉਨ੍ਹਾਂ ਨੂੰ ਮੁੜ ਵਸਾਉਣ ਲਈ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ।

## ਨਕਲੀ ਡਿਗਰੀਆਂ

ਪੰਜਾਬ ਯੂਨੀਵਰਸਿਟੀ ਦੇ ਕੁਝ ਚਿੰਤਾਤੁਰ ਵਿਦਿਆਰਥੀਆਂ ਨੇ ਇਕ ਦਿਨ ਆਪਣੇ ਇਕ ਪ੍ਰੋਫੈਸਰ ਨੂੰ ਕਿਹਾ, "ਸਰ ਅਖਬਾਰਾਂ ਵਿਚ ਨਕਲੀ ਡਿਗਰੀਆਂ ਬਾਰੇ ਬੜੀ ਚਰਚਾ ਛਪ ਰਹੀ ਹੈ। ਕਹਿੰਦੇ ਨੇ ਕੁਝ ਠੱਗਾਂ ਵਲੋਂ ਅਸਲੀ ਡਿਗਰੀਆਂ ਵਰਗੀਆਂ ਨਕਲੀ ਡਿਗਰੀਆਂ ਛਾਪ ਛਾਪ ਵੇਚੀਆਂ ਜਾ ਰਹੀਆਂ ਹਨ। ਹਮਾਤੜ ਵਿਦਿਆਰਥੀ ਜਿਹੜੇ ਹਰ ਸਾਲ ਫੇਲ੍ਹ ਹੋ ਹੋ ਯੂਨੀਵਿਸਟੀ ਦੀ ਆਮਦਨ ਵਧਾਉਣ ਵਿਚ ਯੋਗਦਾਨ ਦੇ ਰਹੇ ਹਨ, ਹੁਣ "ਹਿੰਗ ਲੱਗੇ ਨਾ ਫਟਕੜੀ ਰੰਗ ਵੀ ਚੋਖਾ ਆਵੇ" ਦੇ ਮੁਹਾਵਰੇ ਅਨੁਸਾਰ ਨਕਲੀ ਡਿਗਰੀਆ ਪ੍ਰਾਪਤ ਕਰ ਕੇ ਨੌਕਰੀਆਂ ਦੀ ਭਾਲ ਵਿਚ ਤੁਰ ਪਏ ਹਨ। ਕਈਆਂ ਨੇ ਤਾਂ ਆਪਣੀਆਂ ਯੋਗਤਾਵਾਂ ਅਨੁਸਾਰ ਨੌਕਰੀਆਂ ਲੈ ਵੀ ਲਈਆਂ ਹਨ। ਕੀ ਇਹ ਸਾਰਾ ਕੁਝ ਸੱਚ ਹੈ ?"

ਪ੍ਰੋਫੈਸਰ ਸਾਹਿਬ ਨੇ "ਹਾਂ" ਵਿਚ ਸਿਰ ਹਲਾਉਂਦਿਆਂ ਕਿਹਾ, "ਇਹ ਬੜੀ ਬੜੀ ਮਾੜੀ ਗੱਲ ਹੈ। ਮਿਹਨਤ ਕਰਕੇ ਪ੍ਰਾਪਤ ਕੀਤੀ ਡਿਗਰੀ ਦਾ ਹੋਰ ਸਵਾਦ ਹੁੰਦਾ ਹੈ ਤੇ ਇਸ ਤਰ੍ਹਾਂ ਠੱਗੀ ਮਾਰ ਕੇ ਲਈ ਗਈ ਡਿਗਰੀ ਦਾ ਹੋਰ।"

ਇਕ ਵਿਦਿਆਰਥੀ ਖੜ੍ਹਾ ਹੋ ਕੇ ਕਹਿਣ ਲੱਗਾ, "ਸਰ ਇਕ ਗੁਸਤਾਖੀ ਹੋਰ ਮੁਆਫ ਕਰਨਾ। ਜਿਹੜੀ ਡਿਗਰੀ ਹੁਣ ਗਿਆਨੀ ਜੀ ਹੈ ਦਿਤੀ ਜਾ ਰਹੀ ਹੈ ਉਸ ਨੂੰ ਕਿਸ ਪਾਸੇ ਗਿਣੀਏ ?"

—ਚਾਚਾ ਚੰਡੀਗੜ੍ਹੀਆ

BOMBAY SWEETS
& Restaurants
6556 - 6560 MAIN ST. VANCOUVER
Ph. 321-1414
874-5722
For Largest Variety in Indian Sweets
Delicious Indian food

# ਡਾ: ਹਰੀ ਸ਼ਰਮਾ ਨਾਲ ਮੁਲਾਕਾਤ

□ਦਰਸ਼ਨ ਗਿੱਲ



(ਵੈਨਕੂਵਰ ਵਿਚ ਮੀਡੀਆ ਸੈਂਟਰ ਵਿਚ ਜੋ ਰੋਬਸਨ ਸੁਕੇਅਰ ਵਿਚ ਹੈ 4 ਮਾਰਚ 1985 ਦੇ ਸ਼ਾਮ ਦੇ ਸੱਤ ਵਜੇ ਤੋਂ ਫੋਟੋਆਂ ਦੀ ਨੁਮਾਇਸ਼ ਲੱਗੀ ਹੋਈ ਹੈ ਇਸ ਵਿਚ ਬੀ. ਸੀ. ਦੇ 20 ਫੋਟੋ ਗਰਾਫਰਾਂ ਦੀਆਂ ਪੰਜ ਪੰਜ ਫੋਟੋ ਨੁਮਾਇਸ਼ ਲਈ ਚੁਣੀਆਂ ਗਈਆਂ ਹਨ। ਜਿਨ੍ਹਾਂ ਵਿਚ ਡਾ: ਹਰੀ ਸ਼ਰਮਾ ਦੀਆਂ ਪੰਜ ਫੋਟੋ ਵੀ ਸ਼ਾਂਮਲ ਹਨ। ਇਸ ਨੁਮਾਇਸ਼ ਦਾ ਪ੍ਰਬੰਧ ਨੈਸ਼ਨਲ ਐਸੋਸੀਏਸ਼ਨ ਆਫ ਫੋਟੋ ਗਰਾਫੀ ਕਾਰਡ ਅਤੇ ਬਰਨਬੀ ਆਰਟ ਕੌਂਸਲ ਵਲੋਂ ਕੀਤਾ ਗਿਆ ਹੈ। ਇਹ ਨੁਮਾਇਸ਼ 15 ਮਾਰਚ 1985 ਤੱਕ ਜਾਰੀ ਰਹੇਗੀ। ਭਾਰਤੀ ਕਮਿਊਨਿਟੀ ਲਈ ਇਹ ਮਾਣ ਵਾਲੀ ਗੱਲ ਹੈ ਕਿ ਡਾ: ਹਰੀ ਸ਼ਰਮਾ ਦੀ ਫੋਟੋ ਗਰਾਫੀ ਨੂੰ ਇਹ ਸਨਮਾਨ ਮਿਲਿਆ ਹੈ। ਇਸ ਸਬੰਧ ਵਿਚ ਪਿਛਲੇ ਦਿਨ ਇਕ ਕੀਤੀ ਗਈ ਮੁਲਾਕਾਤ ਹਾਜ਼ਰ ਹੈ।— ਸੰਪਾਦਕ)

ਗਿੱਲ : ਡਾ: ਹਰੀ ਸ਼ਰਮਾ, ਲੋਕ ਤੁਹਾਨੂੰ ਸੋਸ਼ਆਲੋਜਿਸਟ ਦੇ ਤੌਰ ਤੇ ਜਾਣਦੇ ਹਨ ਜਾਂ ਸਿਆਸੀ ਐਕਟਵਿਸਟ ਦੇ ਤੌਰ ਤੇ, ਇਹ ਫੋਟੋਗਰਾਫ਼ੀ ਦਾ ਸ਼ੌਕ ਕਦੋਂ ਤੋਂ ਹੈ?

ਸ਼ਰਮਾ : ਇਹ ਸ਼ੌਕ 1957-58 ਤੋਂ ਸ਼ੁਰੂ ਹੋਇਆ ਜਦੋਂ ਕਿਸੇ ਨੇ ਇਕ ਕੈਮਰਾ ਮੈਨੂੰ ਤੋਹਫ਼ੇ ਦੇ ਤੌਰ ਉਤੇ ਦਿਤਾ। ਮੈਂ ਪਹਿਲਾਂ ਕਦੀ ਫੋਟੋਗਰਾਫ਼ੀ ਬਾਰੇ ਸੋਚਿਆ ਹੀ ਨਹੀਂ ਸੀ। ਇਹ ਸ਼ੌਕ ਹੋਰ ਵੀ ਵਧ ਗਿਆ ਜਦ ਤੋਂ ਮੇਰੀਆਂ ਖਿਚੀਆਂ ਤਸਵੀਰਾਂ ਪਿਛਲੇ ਦਸ ਸਾਲ ਤੋਂ ਫਰਾਂਸ, ਜਰਮਨੀ, ਇੰਗਲੈਂਡ, ਨਾਰਵੇ ਵਿਚ ਛਪਣ ਲੱਗੀਆਂ ਅਤੇ ਨਾਰਥ ਅਮਰੀਕਾ ਦੇ ਕਈ ਮੈਗਜ਼ੀਨਾਂ ਵਿਚ ਵੀ ਛਪ ਚੁਕੀਆਂ ਹਨ। ਹੁਣ ਤਾਂ ਤਸਵੀਰਾਂ ਅਤੇ ਨਾਲ ਖਿਚੀਆਂ ਕਵਿਤਾਵਾਂ ਪੰਜਾਬੀ, ਹਿੰਦੀ, ਤੇਲਗੂ, ਮਰਾਠੀ ਆਦਿ ਵਿਚ ਵੀ ਛਪੀਆਂ ਹਨ।

ਗਿੱਲ : ਫੋਟੋਗਰਾਫ਼ੀ ਤੁਹਾਡਾ ਕੇਵਲ ਸ਼ੌਕ ਹੈ ਜਾਂ ਕੋਈ ਸੁਨੇਹਾ ਇਨ੍ਹਾਂ ਤਸਵੀਰਾਂ ਰਾਹੀਂ ਤੁਸੀਂ ਦੇਣਾ ਚਾਹੁੰਦੇ ਹੋ?

ਸ਼ਰਮਾ : ਇਕੱਲਾ ਸ਼ੌਕ ਨਹੀਂ ਸਗੋਂ ਮੇਰੀਆਂ ਖਿਚੀਆਂ ਤਸਵੀਰਾਂ ਵਿਚ ਸਮਾਜਕ ਸੁਨੇਹਾ ਹੈ। ਸਮਾਜ-ਸ਼ਾਸ਼ਤਰੀ ਅਤੇ ਮਾਰਕਸਿਸਟ ਹੁੰਦਿਆਂ ਇਕ ਖਾਸ ਅੱਖ ਮੇਰੇ ਕੋਲ ਹੈ ਜਿਸ ਰਾਹੀਂ ਮੈਂ ਜ਼ਿੰਦਗੀ ਦੀ ਸਮੁੱਚਤਾ (Totality of life) ਨੂੰ ਦੇਖਦਾ ਹਾਂ। ਮੈਂ ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਵਿਜ਼ੂਅਲ ਸੋਸ਼ਆਲੋਜੀ ਦਾ ਵੀ ਮੈਂਬਰ ਹਾਂ ਜਿਸ ਰਾਹੀਂ ਇਹ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਤਸਵੀਰਾਂ ਰਾਹੀਂ ਇਸ ਸਮਾਜ ਨੂੰ ਕਿਸ ਤਰ੍ਹਾਂ ਬਿਹਤਰ ਬਣਾਇਆ ਜਾ ਸਕਦਾ ਹੈ। ਸਲਾਈਡਾਂ ਦੀ ਵੀ ਵਰਤੋਂ ਕੀਤੀ ਜਾਂਦੀ ਹੈ।

ਗਿੱਲ : ਜਦੋਂ ਤੁਸੀਂ ਤਸਵੀਰ ਖਿਚਦੇ ਹੋ ਤਾਂ ਤੁਹਾਡੀ ਮਨਸ਼ਾ ਕੀ ਹੁੰਦੀ ਹੈ?

ਸ਼ਰਮਾ : ਮੈਂ ਹਮੇਸ਼ਾਂ ਆਮ ਲੋਕਾਂ ਦੀਆਂ ਤਸਵੀਰਾਂ ਖਿਚਦਾ ਹਾਂ ਤਾਂ ਆਮ ਲੋਕ ਹੀ ਮੇਰੀ ਦਿਲਚਸਪੀ ਦਾ ਕੇਂਦਰ ਹਨ। ਉਹ ਲੋਕ ਜੋ ਸੜਕਾਂ ਤੇ ਰਹਿੰਦੇ ਹਨ, ਝੁੱਗੀਆਂ ਵਿਚ ਗੁਜ਼ਾਰਾ ਕਰਦੇ ਹਨ, ਮਜ਼ਦੂਰੀ ਕਰਦੇ ਹਨ। ਆਮ ਘਰੇਲੂ ਹਾਲਤਾਂ ਦਾ ਮੁਕਾਬਲਾ ਕਰਦੇ ਹਨ। ਮੈਂ ਸਮਝਦਾ ਹਾਂ ਤਸਵੀਰ ਰਾਹੀਂ ਮੈਂ ਇਕ ਪਲ ਨੂੰ ਫੜਦਾ ਹਾਂ - ਜੋ ਪਲ ਸਮੇਂ ਦਾ ਅੰਗ ਹੈ। ਉਹ ਸਮਾਂ ਜੋ ਅਮੁੱਕ ਹੈ। ਪਰ ਉਹ ਤਸਵੀਰ ਉਸ ਫੜੇ ਗਏ ਪਲ ਦਾ ਇਤਿਹਾਸ ਹੈ। ਇਹ ਸਮੇਂ ਦਾ ਵਹਾਅ ਪਕੜਦੀ ਹੈ। ਨਾਲ ਹੀ ਸਪੇਸ ਦੀ ਇਕ ਸਲਾਈਸ ਵੀ। ਜਿਵੇਂ ਤੁਸੀਂ ਮੇਰੀ ਇਕ ਤਸਵੀਰ ਛਾਪੀ ਸੀ 'ਕੈਨੇਡਾ ਦਰਪਣ' ਵਿਚ - ਇਕ ਬੱਚਾ ਕਾਰ ਦੇ ਪਹੀਏ ਸਾਹਮਣੇ ਖੜ੍ਹਾ ਹੈ - ਉਹ ਤਸਵੀਰ ਉਸ ਬੱਚੇ ਦੇ ਬਚਪਨ ਦਾ ਇਤਿਹਾਸ ਹੈ, ਉਸਦੇ ਗੁਆਚੇ ਬਚਪਨ ਦਾ ਪ੍ਰਤੀਕ ਹੈ। ਕਾਰ ਦਾ ਪਹੀਆ ਵਡੇਰੀ ਦੁਨੀਆਂ ਦਾ ਪ੍ਰਤੀਕ ਹੈ।

ਗਿੱਲ : ਇਹ ਤਸਵੀਰ 'ਟੋਕਰੀ ਭਰਦਿਆਂ' ਕੀ ਦੱਸਦੀ ਹੈ?

ਸ਼ਰਮਾ : ਇਹ ਤਸਵੀਰ ਮੈਂ ਗੱਡੀ ਵਿਚ ਬੈਠਿਆਂ ਖਿਚੀ ਸੀ ਜਦੋਂ ਮੈਂ ਦਿੱਲੀ ਤੋਂ ਕਲਕੱਤੇ ਜਾ ਰਿਹਾ ਸਾਂ। ਇਕ ਥਾਂ ਗੱਡੀ ਖੜ੍ਹੀ ਸੀ ਤਾਂ ਮੈਂ ਬਾਰੀ ਰਾਹੀਂ ਬਾਹਰ ਤੱਕਿਆ - ਇਕ ਔਰਤ ਕੋਲੇ ਚੁਗ ਰਹੀ ਸੀ। ਇਹ ਤਸਵੀਰ ਗਰੀਬੀ ਸਬੰਧੀ ਨਿਰਾਸ਼ਤਾ ਪ੍ਰਗਟ ਕਰਦੀ ਹੈ (ਕਿ ਇਹ ਗਰੀਬੀ ਹੈ) ਗੁੱਸੇ ਦਾ ਉਭਾਰ ਪ੍ਰਗਟ ਕਰਦੀ ਹੈ (ਕਿ ਗਰੀਬੀ ਕਿਉਂ ਹੈ?) ਨਫਰਤ ਦਾ ਪ੍ਰਗਟਾ ਹੈ (ਗਰੀਬੀ ਨਹੀਂ ਹੋਣੀ ਚਾਹੀਦੀ) ਨਾਲ ਹੀ ਇਹ ਜ਼ਿੰਦਗੀ ਦੀ ਜਿਉਣ ਲਈ ਲੜਾਈ ਦੀ ਪ੍ਰਤੀਕ ਹੈ ਕਿ ਮਿਹਨਤ ਵਿਚ ਇਜ਼ਤ ਹੈ, ਮਾਣ ਹੈ। ਪਰ ਮੈਂ ਚਾਹਾਂਗਾ ਕਿ ਇਹ ਤਸਵੀਰ ਦੇਖਣ ਵਿਚ Pity ਪੈਦਾ ਨਾ ਕਰੇ - ਤਰਸ ਦੀ ਭਾਵਨਾ - ਸਗੋਂ ਉਹ ਇਸ ਹਾਲਤ ਨੂੰ ਸਮਝਣ ਵਿਚ ਮੱਦਦ ਕਰੇ ਕਿ ਅਜਿਹਾ ਸਮਾਜ ਕਿਉਂ ਹੈ ਜਿਸ ਵਿਚ ਉਸਨੂੰ ਧੂੜ ਵਿਚੋਂ ਕੋਲੇ ਚੁਗਣ ਲਈ ਮਜ਼ਬੂਰ ਹੋਣਾ ਪਿਆ ਹੈ। ਦੇਖਣ ਵਾਲਾ ਇਸ ਨਾਲ ਆਪਣੇ ਆਪ ਨੂੰ ਸਬੰਧਤ ਕਰੇ।

ਗਿੱਲ : ਸ਼ਰਮਾ ਜੀ, ਜੋ ਤਸਵੀਰਾਂ ਤੁਸੀਂ ਹੁਣ ਤੱਕ ਖਿਚੀਆਂ ਹਨ - ਇਨ੍ਹਾਂ ਨੂੰ ਪੁਸਤਕ ਰੂਪ ਵੀ ਦਿੱਤਾ ਹੈ?

ਸ਼ਰਮਾ : 100 ਫੋਟੋ ਅਤੇ ਕਵਿਤਾਵਾਂ ਦੀ ਪੁਸਤਕ ਇਸੇ ਸਾਲ ਪਹਿਲਾਂ ਅੰਗਰੇਜ਼ੀ ਵਿਚ ਛਪ ਰਹੀ ਹੈ। ਇਸ ਤੋਂ ਪਿਛੋਂ ਪੰਜਾਬੀ ਵਿਚ ਛਪੇਗੀ। ਆਸ ਹੈ 'ਕੈਨੇਡਾ ਦਰਪਣ' ਵਿਚ ਵੀ ਤੁਸੀਂ ਗਾਹੇ ਬਗਾਹੇ ਛਾਪਦੇ ਰਹੋਗੇ।

ਗਿੱਲ : ਜ਼ਰੂਰ। ਮੁਲਾਕਾਤ ਲਈ ਧੰਨਵਾਦ।

ਸ਼ਰਮਾ : ਤੁਹਾਡਾ ਵੀ ਸ਼ੁਕਰੀਆ।

---

ਇਨਸਾਨਾਂ ਨਾਲੋਂ ਤਾਂ ਜਾਨਵਰ ਚੰਗੇ ਨੇ। ਜੇਕਰ ਕਿਸੇ ਰੇਸ 'ਚ ਵੀਹ ਘੋੜੇ ਹੋਣ ਤਾਂ ਘੱਟੋ ਘੱਟ ਪੰਜ ਹਜ਼ਾਰ ਇਨਸਾਨ ਉਹਨਾਂ ਨੂੰ ਵੇਖਣ ਜਾਣਗੇ' ਪਰ ਕਿਸੇ ਰੇਸ 'ਚ ਵੀਹ ਇਨਸ਼ਾਨ ਹੋਣ ਤਾਂ ਇੱਕ ਘੋੜਾ ਵੀ ਉਹਨਾਂ ਨੂੰ ਵੇਖਣ ਨਹੀਂ ਜਾਵੇਗਾ।"

---

## ਪੁਸਤਕ 'ਤੇ ਪਾਬੰਦੀ

**ਚੰਡੀਗੜ੍ਹ — (ਯੂ. ਐਨ. ਆਈ.)** — ਪੰਜਾਬ ਸਰਕਾਰ ਨੇ "ਧਰਮ ਰਖਸ਼ਕ ਸੰਤ ਭਿੰਡਰਾਂਵਾਲੇ" ਨਾਂ ਦੀ ਪੁਸਤਕ ਉਪਰ ਪਾਬੰਦੀ ਲਾ ਦਿਤੀ ਹੈ। ਸਰਕਾਰੀ ਰਿਲੀਜ਼ 'ਚ ਦਸਿਆ ਗਿਆ ਹੈ ਕਿ ਇਸ ਪੁਸਤਕ ਨਾਲ ਵਖ ਵਖ ਫਿਰਕਿਆਂ 'ਚ ਨਫਰਤ ਫੈਲ ਸਕਦੀ ਹੈ।



## ਟੋਕਰੀ ਭਰਦਿਆਂ

(ਉਤਰ ਪ੍ਰਦੇਸ਼, 1973)

**ਡਾ: ਹਰੀ ਸ਼ਰਮਾ**

ਇਹ ਮੀਲਾਂ ਦੇ ਮੀਲ ਹੈ ...
ਰੇਲ ਦੀਆਂ ਲਾਈਨਾਂ।
ਇਹ ਕਿਥੋਂ ਆਉਂਦੀਆਂ ਹਨ?
ਇਹ ਕਿਥੇ ਜਾਂਦੀਆਂ ਹਨ?

ਮੈਨੂੰ ਨਹੀਂ ਪਤਾ।

ਮੈਂ ਤਾਂ ਮੀਲ ਜਾਂ ਦੋ ਮੀਲ ਤੁਰਦੀ ਹਾਂ
ਏਨੇ ਨਾਲ ਟੋਕਰੀ ਭਰ ਜਾਂਦੀ ਹੈ
ਬੜੇ ਧਿਆਨ ਨਾਲ ਦੇਖਣਾ ਪੈਂਦਾ ਹੈ
ਧੂੜ ਦੇ ਢੇਰ ਵਿਚ ਕਾਲੇ ਕੋਲੇ ਦੇ ਟੁਕੜਿਆਂ ਨੂੰ
ਇਹ ਕਾਲਾ ਹੋਣਾ ਜ਼ਰੂਰੀ ਹੈ
ਨਹੀਂ ਤਾਂ ਕੋਈ ਨਹੀਂ ਖਰੀਦੇਗਾ
ਅਤੇ ਸ਼ਾਮ ਨੂੰ ਰੋਟੀ ਨਹੀਂ ਮਿਲੇਗੀ।

ਅਨੁਵਾਦ : ਦਰਸ਼ਨ ਗਿੱਲ

# 'ਬਾਬਾ ਬੋਲਦਾ ਹੈ' ਅਤੇ ਬਿਲਕੁਲ ਸੱਚ ਬੋਲਦਾ ਹੈ

**ਚੰਡੀਗੜ੍ਹ — ਰੰਗਮੰਚ ਰਿਪੋਰਟ** — ਪੰਜਾਬ ਵਿਚ ਪਿਛਲੇ ਤਿੰਨ ਸਾਲਾਂ ਦੌਰਾਨ ਵਾਪਰੀਆਂ ਘਟਨਾਵਾਂ, ਪੰਜਾਬ ਦੇ ਲੋਕਾਂ ਵਿਚ ਫੈਲੇ ਸਹਿਮ ਦੇ ਮਹੌਲ, ਫਿਰਕੂ ਲੀਹਾਂ ਉਤੇ ਵੰਡੀਆਂ, ਹਰਿਮੰਦਰ ਸਾਹਿਬ ਵਿਚ ਫੌਜੀ ਕਾਰਵਾਈ, ਇੰਦਰਾ ਗਾਂਧੀ ਦੇ ਕਤਲ, ਉਸ ਤੋਂ ਬਾਅਦ ਦਿਲੀ ਅਤੇ ਹੋਰ ਸ਼ਹਿਰਾਂ ਵਿਚ ਹੋਏ ਦੰਗਿਆਂ ਅਤੇ ਅਤਿਆਚਾਰਾਂ ਦੀ ਕਥਾ ਹਰ ਪੰਜਾਬੀ ਜਾਣਦਾ ਹੈ। ਉਸ ਨੇ ਇਹ ਸਭ ਕੁਝ ਆਪਣੇ ਪਿੰਡੇ 'ਤੇ ਹੰਢਾਇਆ ਹੈ। ਸ਼ਰਨਾਰਥੀ ਕੈਂਪਾਂ ਵਿਚ ਹਾਲੇ ਤਕ ਵੀ ਲੋਕਾਂ ਦਾ ਬੈਠੇ ਰਹਿਣਾ, ਆਪਣੇ ਸ਼ਹਿਰ ਛੱਡ ਕੇ ਪੰਜਾਬ ਵਲ ਨੂੰ ਚਾਲੇ ਪਾਉਂਣਾ ਅਤੇ ਪੰਜਾਬ ਤੋਂ ਬਾਹਰ ਆਪਣੇ ਆਪ ਨੂੰ ਮਹਿਫੂਜ਼ ਨਾ ਸਮਝਣਾ ਹੁਣ ਅਖਬਾਰਾਂ ਦੀਆਂ ਸੁਰਖੀਆਂ ਵਿਚ ਨਹੀਂ ਰਹੇ। ਕਦੇ ਕਦਾਈਂ ਇਨ੍ਹਾਂ ਦੀ ਖਬਰ ਆ ਜਾਂਦੀ ਹੈ।

ਦਿੱਲੀ ਦੇ ਕਤਲੇਮੇ ਬਾਰੇ ਕੋਈ ਪੜਤਾਲ ਨਹੀਂ ਕਰਵਾਈ ਗਈ, ਪੰਜਾਬ ਦੇ ਮਸਲੇ ਦਾ ਹੱਲ ਨਹੀਂ ਕੀਤਾ ਗਿਆ, ਲਾਲ ਫੀਤਾਸ਼ਾਹੀ ਅਤੇ ਸਿਆਸੀ ਰਾਮ ਰੌਲੇ ਵਿਚ ਮਸਲੇ ਨੂੰ ਰਗੜ ਦਿਤਾ ਗਿਆ ਹੈ। ਇਸ ਬਾਰੇ ਪੀਪਲਜ਼ ਯੂਨੀਵਰਸਿਟੀ ਆਫ ਸਿਵਲ ਲਿਬਰਟੀਜ਼ ਵਲੋਂ ਛਾਪਿਆ ਗਿਆ ਕਿਤਾਬਚਾ 'ਦੋਸ਼ੀ ਕੌਣ ਹਨ' ਪੰਜਾਬ 'ਚ ਜ਼ਬਤ ਕੀਤਾ ਗਿਆ ਹੈ। ਜੁਡੀਸ਼ਲ ਪੜਤਾਲ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਪਰ ਕੀ ਇਹ ਸਭ ਕੁਝ ਕਰਕੇ ਸਰਕਾਰ ਅਸਲੀਅਤ ਨੂੰ ਲੁਕਾ ਸਕੀ ਹੈ?

ਕਲਾਕਾਰ ਦਾ ਫਰਜ਼ ਅਸਲੀਅਤ ਨੂੰ ਸਾਹਮਣੇ ਲਿਆਉਣਾ ਹੈ। ਗੁਰਸ਼ਰਨ ਸਿੰਘ ਵਲੋਂ ਲਿਖੇ ਗਏ ਨਵੇਂ ਨਾਟਕ 'ਬਾਬਾ ਬੋਲਦਾ ਹੈ' ਨੂੰ ਵੀਰਵਾਰ ਵਾਲੇ ਦਿਨ 'ਨਾਟਾਲਿਆ' ਵਲੋਂ ਮੰਗਲ ਢਿਲੋਂ ਦੇ ਨਿਰਦੇਸ਼ਨ ਹੇਠ ਨੁੱਕੜ ਨਾਟਕ ਦੇ ਰੂਪ ਵਿਚ ਖੇਡਿਆ ਗਿਆ। ਇਸ ਦਾ ਪਹਿਲਾ ਸ਼ੋਅ ਪੰਜਾਬ ਯੂਨੀਵਰਸ਼ਿਟੀ ਦੇ ਸਟੂਡੈਂਟਸ ਸੈਂਟਰ ਵਿਖੇ ਕੀਤਾ ਗਿਆ ਅਤੇ ਦੂਜਾ ਸਤਾਰਾਂ ਸੈਕਟਰ ਵਿਚ ਨੀਲਮ ਸਿਨਮੇ ਦੇ ਸਾਹਮਣੇ। ਦੋਵਾਂ ਥਾਵਾਂ 'ਤੇ ਹੀ ਇਸ ਨਾਟਕ ਨੂੰ ਬਹੁਤ ਚੰਗਾ ਹੁੰਗਾਰਾ ਮਿਲਿਆ।

'ਬਾਬਾ ਬੋਲਦਾ ਹੈ' ਨਾਟਕ ਵਿਚ ਇਕ ਬਾਬਾ ਉਹ ਸਾਰੀਆਂ ਗੱਲਾਂ ਕਹਿੰਦਾ ਹੈ ਜਿਹੜੀਆਂ ਆਮ ਲੋਕਾਂ ਦੇ ਮਨਾਂ ਅੰਦਰ ਤਾਂ ਹਨ, ਪਰ ਜ਼ਬਾਨ 'ਤੇ ਨਹੀਂ ਆਉਂਦੀਆਂ। ਇਸ ਤਰ੍ਹਾਂ ਜਿੱਥੇ ਇਕ ਪਾਸੇ ਉਹ ਆਮ ਲੋਕਾਂ ਦੇ ਭਾਵਾਂ ਦੀ ਤਰਜਮਾਨੀ ਕਰਦਾ ਹੈ, ਉਥੇ ਦੂਜੇ ਪਾਸੇ ਇਕ ਫਿਰਕੇ ਦੇ ਕੁਝ ਲੋਕਾਂ ਵਲੋਂ ਮੰਗੇ ਜਾ ਰਹੇ ਵਖਰੇ ਰਾਜ ਬਾਰੇ ਵੀ ਸਵਾਲ ਖੜ੍ਹਾ ਕਰਦਾ ਹੈ। ਕੀ ਨਵੇਂ 'ਰਾਜ' ਵਿਚ ਆਮ ਲੋਕਾਂ ਦਾ ਰਾਜ ਵਿਚ ਰਾਜ ਭਾਗ ਦੇ ਸਹੀ ਅਰਥਾਂ ਵਿਚ 'ਮਾਲਕ' ਬਣ ਸਕਣਗੇ? ਕੀ ਅਜਿਹਾ ਤਾਂ ਨਹੀਂ ਹੋਵੇਗਾ ਕਿ ਚੰਦ ਲੋਕ ਫੇਰ ਮਾਲਕ ਬਣ ਜਾਣਗੇ ਅਤੇ ਬਾਕੀ ਦਿਆਂ ਦੀ ਹਾਲਤ ਵਿਗੜਦੀਪ ਜਾਵੇਗੀ?

ਇਨ੍ਹਾਂ ਸਾਰੇ ਸਵਾਲਾਂ ਦਾ ਕੋਈ ਜਵਾਬ ਨਹੀਂ। ਜਵਾਬ ਹੈ ਸਾਰੇ ਮਿਹਨਤਕਸ਼ ਲੋਕਾਂ ਦਾ ਧਰਮ, ਜਾਤ, ਫਿਰਕੇ ਤੋਂ ਉੱਪਰ ਉੱਠ ਕੇ ਲੁੱਟ ਖਸੁੱਟ ਦੇ ਨਿਜਾਮ ਤੋਂ ਨਿਜਾਤ ਹਾਸਲ ਕਰਨਾ। ਇਸ ਗੱਲ ਨੂੰ ਜਿੰਨੇ ਜ਼ੋਰਦਾਰ ਸ਼ਬਦਾਂ ਵਿਚ ਨਾਟਕਕਾਰ ਨੇ ਲਿਖਿਆ ਹੈ, ਉਸ ਤੋਂ ਵਧੇਰੇ ਖੂਬਸੂਰਤ ਢੰਗ ਨਾਲ ਮੰਗਲ ਢਿਲੋਂ ਨੇ ਪੇਸ਼ ਕੀਤਾ ਹੈ।

ਨੁੱਕੜ ਨਾਟਕ ਦੀ ਵਿਸ਼ੇਸ਼ਤਾ ਪਾਤਰਾਂ ਅਤੇ ਦਰਸ਼ਕਾਂ ਦੀ ਸਾਂਝ ਹੁੰਦੀ ਹੈ। ਇਸ ਵਿਚ ਪਾਤਰ ਪਾਤਰ ਵੀ ਹਨ ਅਤੇ ਦਰਸ਼ਕਾਂ ਦਾ ਹਿਸਾ ਵੀ ਅਤੇ ਦਰਸ਼ਕ ਵੀ ਅਤੇ ਪਾਤਰ ਵੀ। ਇਸ ਮਧਿਅਮ ਰਾਹੀਂ ਦਰਸ਼ਕਾਂ ਉਤੇ ਗਹਿਰਾ ਪਰਭਾਵ ਪੈਂਦਾ ਹੈ। ਮੰਗਲ ਢਿਲੋਂ ਵਲੋਂ ਖੇਡੇ ਗਏ ਇਸ ਨਾਟਕ ਨੇ ਵੀ ਇਹੀ ਪਰਭਾਵ ਪੈਦਾ ਕੀਤਾ ਹੈ ਅਤੇ ਇਹੀ ਨਾਟਕ ਦੇ ਨਿਰਦੇਸ਼ਕ ਦੀ ਸਫਲਤਾ ਹੈ। ਅਜਿਹੇ ਨਾਟਬ ਵਿਚ ਪਾਤਰਾਂ ਦਾ ਅਭਿਨੈ ਬਹੁਤਾ ਮਾਅਨੇ ਨਹੀਂ ਰਖਦਾ। ਪਰ ਫਿਰ ਵੀ ਮੰਗਲ ਢਿਲੋਂ ਨੇ ਬਾਬੇ ਦੇ ਰੋਲ ਨੂੰ ਬਹੁਤ ਚੰਗੀ ਤਰ੍ਹਾਂ ਨਿਭਾਇਆ। ਬਾਕੀ ਦੇ ਕਲਾਕਾਰਾਂ ਵਿਚੋਂ ਵੀ ਇਕ ਦੋ ਦਾ ਅਭਿਨੈ ਠੀਕ ਸੀ।

ਅਜਿਹੇ ਵਿਸ਼ੇ ਨੂੰ ਹੱਥ ਪਾਉਣਾ ਮੰਗਲ ਢਿਲੋਂ ਦੀ ਦਲੇਰੀ ਦਾ ਪਰਤੀਕ ਹੈ ਅਤੇ ਇਸ ਲਿਹਾਜ਼ ਨਾਲ ਉਸ ਦੀ ਹਰ ਤਰ੍ਹਾਂ ਨਾਲ ਹੌਂਸਲਾ ਅਫਜ਼ਾਈ ਹੋਣੀ ਚਾਹੀਦੀ ਹੈ। ਆਸ ਹੈ ਇਸ ਨਾਟਕ ਦੇ ਸ਼ੋਅ ਹੋਰ ਥਾਈਂ ਅਤੇ ਬਹੁਤ ਸਾਰੇ ਹੋਣਗੇ।

---

### ● ਔਰਤਾਂ ਦੀ ਦੁਨੀਆਂ

ਇੱਕ ਸਾਹਿਬ ਬੜੇ ਦਰਦਨਾਕ ਲਹਿਜੇ 'ਚ ਆਪਣੇ ਦੋਸਤ ਨੂੰ ਸ਼ਕਾਇਤ ਕਰ ਰਹੇ ਸਨ — "ਯਾਰ, ਇਹ ਦੁਨੀਆਂ ਔਰਤਾਂ ਲਈ ਏ। ਜਦੋਂ ਕੋਈ ਪੈਦਾ ਹੁੰਦਾ ਹੈ ਤਾਂ ਪੁੱਛਦੇ ਨੇ, ਉਹਦੀ ਮਾਂ ਕਿਹੋ ਜਿਹੀ ਏ? ਜਦੋਂ ਉਹ ਸ਼ਾਦੀ ਕਰਦਾ ਏ ਤਾਂ ਲੋਕ ਕਹਿੰਦੇ ਨੇ, ਵਹੁਟੀ ਬਹੁਤ ਸੁਹਣੀ ਏ। ਜਦੋਂ ਉਹ ਮਰਦਾ ਏ ਤਾਂ ਲੋਕ ਪੁੱਛਦੇ ਨੇ, ਮਰਨ ਵਾਲਾ ਆਪਣਾ ਪਤੀ ਲਈ ਕੀ ਛੱਡ ਗਿਆ?"

● ਸੁਰਜੀਤ


## ਐਬਟਸਫੋਰਡ ਵਿੱਚ

**ਹਰ ਤਰ੍ਹਾਂ ਦੀ ਨਵੀਂ ਜਾਂ ਪੁਰਾਣੀ ਕਾਰ ਖਰੀਦਣੀ ਜਾਂ ਬਦਲਣੀ ਹੋਵੇ, ਸਪੋਰਟਸ ਕਾਰ, ਵੈਨ ਜਾਂ ਪਿਕਅੱਪ ਲੈਣਾ ਹੋਵੇ ਤਾਂ ਮਿਲੋ ਜਾਂ ਫੂਨ ਕਰੋ।**

**ਲਖਬੀਰ (ਲੱਕੀ) ਗੱਖੜ**



OFF: 859-5271
Toll free: 530-0254

RES: 853-1928
Financing is available (O.A.C.)

FOR YOUR ANY AUTOMOBILE NEEDS, CALL OR SEE (LUCKY) At

**motorcade**

"THE [logo] PEOPLE"

McCALLUM RD., At South Fraser Way, ABBOTSFORD, B.C.

# ਫਿਲਮਦਰਪਣ

## ਮਹਿੰਦੀ ਕਦੋਂ ਰੰਗ ਲਿਆਏਗੀ

**ਸੁਖਦੇਵ ਪੱਪੀ**



ਆਸ਼ਾ ਪਾਰਿਖ

ਫਿਲਮੀ ਦੁਨਿਆਂ ਦੀਆਂ ਚਾਰ ਹਸਤੀਆਂ ਅਜਿਹੀਆਂ ਹਨ ਜਿਨ੍ਹਾਂ ਦੇ ਹੱਥਾਂ ਵਿਚ ਨਾ ਤਾਂ ਮਹਿੰਦੀ ਲੱਗੀ ਹੈ 'ਤੇ ਨਾ ਹੀ ਉਹ ਡੋਲੀ ਵਿਚ ਬੈਠ ਕੇ ਆਪੋ ਆਪਣੇ ਸਹੁਰੇ ਦੇ ਘਰ ਪਹੁੰਚੀਆਂ ਹਨ। ਇਹ ਕੰਵਾਰੀਆਂ ਹਨ ਲਤਾ ਆਸਾ ਪਾਰਿਖ. ਸਰੱਈਆ ਤੇ ਨੰਦਾ।

ਅਜ ਤੋਂ ਚਾਲ੍ਹੀ ਵਰ੍ਹੇ ਪਹਿਲਾਂ ਲਤਾ ਨੇ ਆਪਣਾ ਕੈਰੀਅਰ ਅਭਿਨੇਤਰੀ ਤੇ ਗਾਇਕਾ ਦੇ ਰੂਪ ਵਿਚ ਸ਼ੁਰੂ ਕੀਤਾ ਸੀ। 'ਮੰਦਰ' ਫਿਲਮ ਵਿਚ ਉਹ ਹੀਰੋਇਨ ਬਣ ਕੇ ਵੀ ਆਈ ਸੀ। ਇਸ ਤੋਂ ਇਲਾਵਾ ਵੀ ਹੀਰੋਇਨ ਦੇ ਤੌਰ ਤੇ ਉਸ ਦੀਆਂ ਇਕ ਦੋ ਫਿਲਮਾਂ ਹੋਰ ਸਨ। 'ਮੰਦਰ' ਫਿਲਮ ਦੇ ਨਿਰਮਾਤਾ ਪੰਡਿਤ ਹੁਸਨ ਲਾਲ ਨੇ ਲਤਾ ਦੀ ਸੰਗੀਤ ਪ੍ਰਤਿਭਾ ਨੂੰ ਪਰਖ ਕੇ ਉਸਨੂੰ ਪਲੇ ਬੈਕ ਸਿੰਗਰ ਦੇ ਰੂਪ ਵਿਚ ਸਥਾਪਤ ਕੀਤਾ। ਆਪਣੀਆਂ ਦੂਜੀਆਂ ਭੈਣਾਂ ਵਿਚੋ ਸਭ ਤੋਂ ਵੱਡੀ ਹੋਣ ਤੇ ਵੀ ਲਤਾ ਅਜੇ ਤਕ ਕੰਵਾਰੀ ਹੀ ਹੈ।

'ਕਟੀ ਪਤੰਗ' ਫਿਲਮ ਲਈ ਫੇਅਰ ਅਵਾਰਡ ਲੈਣ ਵਾਲੀ, ਤੇ ਲਗਭਗ 50 ਤੋ ਵੀ ਜ਼ਿਆਦਾ ਫਿਲਮਾਂ ਵਿਚ ਕੰਮ ਕਰਨ ਵਾਲੀ 43 ਸਾਲਾ ਆਸ਼ਾ ਪਾਰਿਖ ਨੇ ਵੀ ਅਜੇ ਤਕ ਵਿਆਹ ਨਹੀਂ ਕਰਵਾਇਆ। ਉਸ ਦੀ ਪਹਿਲੀ ਫਿਲਮ ਸੀ 'ਦਿਲ ਦੇ ਕੇ ਦੇਖੋ'। ਤੇ ਹੀਰੋਇਨ ਦੇ ਰੂਪ ਵਿਚ ਉਸ ਦੀ ਅੰਤਿਮ ਫਿਲਮ ਸੀ "ਮੈਂ ਤੁਲਸੀ ਤੇਰੇ ਆਂਗਨ ਕੀ" ।ਆਸ਼ਾ ਪਾਰਿਖ ਆਪਣੇ ਪਿਤਾ ਦੀ ਇਕੋ ਇਕ ਬੇਟੀ ਹੈ। ਜ਼ਿੰਦਗੀ ਦਾ ਕਿਹੜਾ ਸੁਖ ਚੈਨ ਉਸ ਕੋਲ ਨਹੀਂ। ਸਭ ਸਹੂਲਤਾਂ ਉਸ ਦੇ ਕਦਮਾਂ ਵਿਚ ਵਿਛੀਆਂ ਪਈਆਂ ਹਨ ਪਰ ਜੇ ਕੁਝ ਨਹੀਂ ਤਾਂ ਕਿਸੇ ਦੀ ਪਤਨੀ ਬਨਣ ਦਾ ਸੁਭਾਗ ਪ੍ਰਾਪਤ ਨਹੀਂ।

ਮਸ਼ਹੂਰ ਗਾਇਕਾ ਸੁਰੱਈਆਂ ਨੂੰ ਕੌਣ ਨਹੀਂ ਜਾਣਦਾ। ਉਹ ਆਪਣੇ ਸਮੇਂ ਦੀ ਲੋਕਪ੍ਰਿਯ ਹੀਰੋਇਕ ਵੀ ਰਹਿ ਚੁੱਕੀ ਹੈ। ਫਿਲਮ 'ਇਸ਼ਾਰਾ' ਵਿਚ ਸੁਰੱਈਆ ਨੇ ਪ੍ਰਿਥਵੀ ਰਾਜ ਕਪੂਰ ਦੀ ਪ੍ਰੇਮਿਕਾ ਦਾ ਰੋਲ ਨਿਭਾਇਆ ਤੇ ਫੇਰ ਫਿਲਮ 'ਦਾਸਤਾਨ' ਵਿਚ ਉਨ੍ਹਾਂ ਦੇ ਪੁੱਤਰ ਰਾਜ ਕਪੂਰ ਦੀ ਪ੍ਰੇਮਿਕਾ ਦਾ ਵੀ। ਉਸ ਦੀ ਫਿਲਮ 'ਮਿਰਜ਼ਾ ਗਾਲਿਬ' ਨੂੰ ਰਾਸ਼ਟਰੀ ਪੁਰਸਕਾਰ ਵੀ ਮਿਲਿਆ। ਸੁਰੱਈਆ ਦੇ ਚਾਹੁਣ ਵਾਲਿਆਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਸੁਰੱਈਆ ਨੇ ਜੇ ਕਿਸੇ ਨਾਲ ਪਿਆਰ ਕੀਤਾ ਤੇ ਉਹ ਦੇਵ ਅਨੰਦ ਹੈ ਪਰ ਉਹ ਚਾਹੁੰਦੀ ਹੋਈ ਵੀ ਉਸ ਨਾਲ ਵਿਆਹ ਨਾ ਰਚਾ ਸਕੀ। ਬੇਸ਼ੁਮਾਰ ਜਾਇਦਾਦ ਦੀ ਵਾਰਿਸ ਸੁਰੱਈਆ ਅਜ ਵੀ ਆਪਣੇ ਉਸੇ ਫਲੈਟ ਵਿਚ ਜ਼ਿੰਦਗੀ ਦੇ ਬਾਕੀ ਦਿਨ ਗੁਜ਼ਾਰ ਰਹੀ ਹੈ ਜਿਥੇ ਕਿ ਉਸ ਦਾ ਬਚਪਨ ਤੇ ਜਵਾਨੀ ਬੀਤੀ। ਉਸ ਕੋਲ ਵੀ ਜ਼ਿੰਦਗੀ ਦੀਆਂ ਸਭ ਸਹੂਲਤਾਂ ਹਨ ਪਰ ਜੇ ਨਹੀਂ ਤਾਂ ਬਸ ਇਕ ਪਤੀ ਨਹੀਂ।



ਨੰਦਾ

ਅਭਿਨੇਤਰੀ ਨੰਦਾ ਨੇ ਸਭ ਤੋਂ ਪਹਿਲਾਂ 'ਮੰਦਰ' ਫਿਲਮ ਵਿਚ ਕੰਮ ਕੀਤਾ ਅਤੇ ਆਪਣੇ ਚਾਚਾ ਵੀ. ਸ਼ਾਂਤਾ ਰਾਮ ਦੀ ਫਿਲਮ 'ਤੂਫਾਨ ਔਰ ਦੀਆ' ਵਿਚ ਰਜ਼ਿੰਦਰ ਕੁਮਾਰ ਨਾਲ ਹੀਰੋਇਨ ਦੇ ਰੂਪ ਵਿਚ ਆ ਕੇ ਆਪਣਾ ਫਿਲਮੀ ਕੈਰੀਅਰ ਸ਼ੁਰੂ ਕੀਤਾ। ਛੋਟੀ ਭੈਣ, ਦੀਦੀ, 'ਜਬ ਜਬ ਫੂਲ ਖਿਲੇ, ਗੁਮਰਾਹ, ਗੁਮਨਾਮ, ਆਦਿ ਫਿਲਮਾਂ ਨੇ ਨੰਦਾ ਨੂੰ ਪ੍ਰਸਿੱਧੀ ਦੇ ਸਿਖਰ ਤੇ ਪਹੁੰਚਾ ਦਿਤਾ ਪਰ ਪ੍ਰਸਿੱਧ ਫਿਲਮ ਨਿਰਮਾਤਾ ਨਿਰਦੇਸ਼ਕ ਮਾਸਟਰ ਵਿਨਾਇਕ ਦੀ ਧੀ ਨੰਦਾ ਵੀ ਹੁਣ ਤਕ ਕੰਵਾਰੀ ਹੀ ਹੈ। ਅਜ ਨੰਦਾ ਕੋਲ ਵੀ ਸਾਰੀਆਂ ਸੁਖ ਸਹੂਲਤਾਂ ਤੇ ਐਸ਼ੋ ਆਰਾਮ ਹਨ ਪਰ ਇਸ ਦੇ ਬਾਵਜੂਦ ਵੀ ਉਸ ਦੇ ਹੱਥਾਂ 'ਤੇ ਅਜੇ ਤਕ ਮਹਿੰਦੀ ਨਹੀਂ ਲੱਗੀ।

ਇਨ੍ਹਾਂ ਅਭਿਨੇਤਰੀਆਂ ਦੇ ਪ੍ਰਸ਼ੰਸਕ ਬੜੀ ਬੇਤਾਬੀ ਨਾਲ ਏਸ ਸਵਾਲ ਦੇ ਜਵਾਬ ਦੀ ਉਡੀਕ ਕਰ ਰਹੇ ਹਨ ਕਿ ਕਦੋਂ ਇਨ੍ਹਾਂ ਕਵਾਰੀਆਂ ਦੇ ਹੱਥਾਂ 'ਤੇ ਮਹਿੰਦੀ ਰੰਗ ਲਿਆਏਗੀ।



ਲਤਾ


**Ali Mohammed Farm**

4809 - 272 St. Aldergrove

**Ph. 856-5990**

ਪੋਲਟਰੀ ਫਾਰਮ ਤੋਂ ਤਾਜ਼ੇ ਆਂਡੇ ਅਤੇ ਤਾਜ਼ਾ ਚਿਕਨ ਸਾਡੇ ਕੋਲੋਂ ਖਰੀਦੋ

| Chicken | Fresh Eggs | Or |
|---|---|---|
| 50¢ each | $1.20 doz. | $3.00 Flat(30 eggs) |

ਇਕ ਵਾਰ ਜ਼ਰੂਰ ਦਰਸ਼ਨ ਦਿਓ



LOOKING FOR

**CUSTOM DRAPERIES**



*BLINDS
*VERTICALS
*DRAPERY HARDWARE
*ALL KINDS OF FABRICS

*LARGE SELECTIONS, FRIENDLY SERVICE, LOW LOW PRICES FREE ESTIMATES & INSTALLATION*

VISIT OR CALL:

**EXCLUSIVE FABRICS & DRAPERIES [1978] LTD.**

**Tel: 325-7335**

**5965 Fraser St., Vancouver**



JIM PATTISON Pontiac Buick GMC TRUCKS



# JIM PATTISON

**PONTIAC - BUICK - CADILLAC and GMC**

**3434 MAIN ST. VANCOUVER, B.C.**

**Tel. 879-4233**

GM

**1985 ਦੀਆਂ ਨਵੀਆਂ ਕੈਡਲਿਕ ਖ਼ੀਦੋ**

ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜ਼ਿਮੀ ਲੈਣ ਲਈ ਤੁਹਾਡੇ ਜਾਣੇ ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫ਼ੋਨ ਕਰੋ

**Parlad Gill**





**TIME FOR BUYING 1984 CARS & TRUCKS ALSO TIME FOR BUYING 1985 NEW MODELS**

**Bus. 879 - 4233**
**Res. 435 - 1834**

ਐਤਵਾਰ ਨੂੰ 10.30 ਵਜੇ ਸਵੇਰ ਤੋਂ ਲੈ ਕੇ 4.00 ਵਜੇ ਸ਼ਾਮ ਤੱਕ ਆਪਦੀ ਸੇਵਾ ਲਈ ਹਾਜ਼ਰ ਹਾਂ

# ਕਿੰਗਜ਼ਵੇ ਸੁਪਰਮਾਰਟ ਲਿਮਟਿਡ

(ਕਿੰਗਜ਼ਵੇ ਤੇ ਸਾਫ ਸੁਥਰੀਆਂ ਦਾਲਾਂ, ਮਸਾਲੇ ਤੇ ਤਾਜ਼ੀਆਂ ਸਬਜ਼ੀਆਂ ਦਾ ਭੰਡਾਰ)

# KINGSWAY SUPERMART Ltd.

[King of Indian Groceries and Fresh Vegetables on Kingsway]

3265 Kingsway [Next to legion on Kingsway & Joyce] Vancouver

Phone 438-4133

ਸਪੈਸ਼ਲ ਸੇਲ ! ਸਪੈਸ਼ਲ ਸੇਲ ! ਸਪੈਸ਼ਲ ਸੇਲ ! Special Sale ! Special Sale ! Special Sale!

| | | | | |
|---|---|---|---|---|
| ਬਦਾਮ<br>Almonds<br>$1.79 lb. | ਪਿਸਤਾ(ਵੱਡਾ ਸਾਈਜ਼)<br>Pista[large Size]<br>$4.99 lb. | ਐਪਲ ਜੂਸ<br>Apple Juice<br>89¢ 1 lit. | ਹੋਮੋ ਦੁੱਧ<br>Homo Milk<br>$3.25 4 lit. | ਤਾਜ਼ਾ ਅਦਰਕ<br>Fresh Ginger<br>99¢ lb. |
| ਰੋਟੀ ਆਟਾ<br>Roti Atta<br>Special Price | ਬਾਸਮਤੀ ਚਾਵਲ<br>Basmati Rice<br>69¢ lb. | ਮਜੌਲਾ ਛੱਲੀਆਂ ਦਾ ਤੇਲ<br>Mazola Corn Oil<br>$5.99 3 lit. | ਵੈਜੀਟੇਬਲ ਤੇਲ ਦੀ ਬਾਲਟੀ<br>Vegetable Oil Pail<br>$17.99 16 lit. | ਲਸਣ<br>Garlic<br>59¢ lb. |
| ਜੀਰਾ ਸਾਬਤ<br>Jeera<br>69¢ lb. | ਧਨੀਆ ਸਾਬਤ<br>Dhania<br>89¢ lb. | ਮਾਂਹ ਸਾਬਤ<br>Urad Whole<br>39¢ lb. | ਮੂੰਗੀ ਸਾਬਤ<br>Moong Whole<br>39¢ lb. | ਮਸਰਾਂ ਦੀ ਦਾਲ<br>Red Lentils<br>39¢ lb. |
| ਮਟਰਾਂ ਦੀ ਦਾਲ<br>Yellow Split Peas<br>19¢ lb. | ਲੌਂਗ ਗਰੇਨ ਚਾਵਲ<br>Long Grain Rice<br>$4.99 10 kg. | ਲੌਂਗ ਗਰੇਨ ਚਾਵਲ<br>Long Grain Rice<br>$9.98 20 kg. | ਗੰਢੇ<br>Onions<br>Special Price | ਤਾਜ਼ਾ ਲੰਮੇ ਬੈਂਗਣ<br>Fiji Long Egg Plants<br>89¢ lb. |
| ਤਾਜ਼ਾ ਮੁਰਗੇ ਦੀਆਂ ਲੱਤਾਂ<br>Fresh Chicken Legs<br>$1.29 lb. | ਲੈਂਬ ਚਾਪਸ<br>Newzeland Lamb Chops<br>(Cut-Net Weight)<br>$1.29 lb. | ਕੋਰਨਡ ਮਟਨ<br>Colonial Corned Mutton<br>$1.79 can | ਪੈਸੇਫਿਕ ਦੁੱਧ ਦਾ ਡੱਬਾ<br>Pacific Evaporated Milk<br>67¢ can | ਪੰਜਾਬੀ ਟੀਂਡਾ<br>Panjabi Tinda<br>69¢ can |
| ਕੌੜੀਆਂ ਲਾਲ ਮਿਰਚਾਂ<br>Hot Red Chilly Powder<br>99¢ lb. | ਹਲਦੀ<br>Haldi<br>99¢ lb. | ਮਟਰਾਂ ਦਾ ਬੇਸਣ<br>Pea Flour<br>$1.89 2 kg. | Sardines in Tomato Sauce<br>3 for 99¢<br>5½ oz can | ਭਾਰੇ ਥੱਲੇ ਵਾਲੇ ਪਤੀਲੇ<br>ਸਪੈਸ਼ਲ ਰੇਟ |

ਇਹ ਕੂਪਨ ਲੈ ਕੇ ਆਉਣ ਵਾਲੇ ਨੂੰ ਸਪੈਸ਼ਲ ਰੇਟ ਤੇ ਗਰੋਸਰੀ ਮਿਲੇਗੀ । ਕੀਮਤਾਂ ਹੇਠਾਂ ਦਿੱਤੀਆਂ ਹਨ

Please bring this coupon with you to avail of the following extra special prices.

| | | | | |
|---|---|---|---|---|
| ਖੰਡ<br>Sugar<br>$4.59 10 kg.<br>Max. 2 Bag | ਮੱਖਣ<br>Butter Salted<br>$2.19 lb.<br>Sale March 11th Onwards | ਨਵਾਬ ਚਾਹ<br>Nabob Tea<br>3.59 120 s Pkt<br>Max. 4 pkts | ਅਸਲੀ ਪਾਨੀਪਤ ਦਾ ਪਚਰੰਗਾ ਆਚਾਰ<br>Panipat Pachranga Achar<br>$1.49 tin 800 g.<br>Max. 2 Tins | ਵੈਜੀਟੇਬਲ ਤੇਲ ਦੀ ਪੀਪੀ<br>Vegetable Oil<br>$3.59 3 lit.<br>Max. 4 Containers |

- Besides the above there are many more in store special prices.
- Sale ends on March 31, 1985 or till quantities last.
- We reserve the right to limit quantities. Plus many more in store SPECIALS